@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 10 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 10 ਅਗਸਤ 2024, 26 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 275, qpatrika@gmail.com ਫੋਨ : 9971359517 www.qaumipatrika.org

ਜੇਲ੍ਹ 'ਚੋਂ ਬਾਹਰ ਆਏ ਮਨੀਸ਼ ਸਿਸੋਦੀਆ

ਸਿੰਮੀ ਕੌਰ ਬੱਬਰ

ਨੈਸਨਲ ਡੈਸਕ 9 ਅਗਸਤ। ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ ਸਿਸੋਦੀਆ ਨੂੰ ਸੁਪਰੀਮ ਕੋਰਟ ਤੋਂ ਵੱਡੀ ਰਾਹਤ ਮਿਲੀ ਹੈ। ਕਥਿਤ ਸਰਾਬ ਘੁਟਾਲੇ ਦੇ ਮਾਮਲੇ ਵਿੱਚ ਲੰਬੇ ਸਮੇਂ ਤੋਂ ਤਿਹਾੜ ਜੇਲ੍ਹ ਵਿੱਚ ਬੰਦ ਸਿਸੋਦੀਆ ਨੂੰ ਹੁਣ ਜਮਾਨਤ ਮਿਲ ਗਈ ਹੈ। ਸੁਪਰੀਮ ਕੋਰਟ ਨੇ ਸੀਬੀਆਈ ਅਤੇ ਈਡੀ ਦੋਵਾਂ ਮਾਮਲਿਆਂ ਵਿੱਚ ਜਮਾਨਤ ਦੇ ਦਿੱਤੀ ਹੈ, ਜਿਸ ਵਿੱਚ 17 ਮਹੀਨੇ ਜੇਲ੍ਹ ਵਿੱਚ ਰਹੇ। ਸੁਪਰੀਮ ਕੋਰਟ ਦੀ ਜਸਟਿਸ ਬੀਆਰ ਗਵਈ ਅਤੇ ਜਸਟਿਸ ਕੇਵੀ ਵਿਸਵਨਾਥਨ ਦੀ ਬੈਂਚ ਨੇ ਇਸ ਮਾਮਲੇ 'ਤੇ 6 ਅਗਸਤ ਨੂੰ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਸ਼ੁੱਕਰਵਾਰ ਨੂੰ ਸੁਣਾਏ ਗਏ ਫੈਸਲੇ 'ਚ ਜਸਟਿਸ ਗਵਈ ਨੇ ਕਿਹਾ ਕਿ 17 ਮਹੀਨਿਆਂ ਦੀ ਲੰਬੀ ਕੈਦ ਅਤੇ ਸੁਣਵਾਈ ਸੁਰੂ ਨਾ ਹੋਣ ਕਾਰਨ ਸਿਸੋਦੀਆ ਨੂੰ ਸੁਣਵਾਈ ਦੇ ਅਧਿਕਾਰ ਤੋਂ ਵਾਂਝਾ ਰੱਖਿਆ। ਅਦਾਲਤ ਨੇ ਇਹ ਵੀ ਕਿਹਾ ਕਿ 400 ਤੋਂ ਵੱਧ ਗਵਾਹਾਂ ਦੇ ਬਾਵਜੂਦ ਸੁਣਵਾਈ ਜਲਦੀ ਮੁਕੰਮਲ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਉਹ ਸਮਾਜ ਦਾ ਸਤਿਕਾਰਤ ਵਿਅਕਤੀ ਹੈ ਅਤੇ ਉਸ ਦੇ ਭੱਜਣ ਦੀ ਕੋਈ ਸੰਭਾਵਨਾ ਨਹੀਂ ਹੈ। ਸੁਪਰੀਮ ਕੋਰਟ ਨੇ ਮਨੀਸ ਸਿਸੋਦੀਆ ਨੂੰ ਜਮਾਨਤ ਦਿੰਦੇ ਹੋਏ ਇਹ ਫੈਸਲਾ ਸੁਣਾਇਆ ਕਿ ਉਸ ਕੋਲ ਸਬੂਤਾਂ ਨਾਲ ਛੇੜਛਾੜ ਦੀ ਕੋਈ ਸੰਭਾਵਨਾ ਨਹੀਂ ਹੈ। ਜਮਾਨਤ ਦੇ ਨਾਲ ਅਦਾਲਤ ਨੇ ਉਸ ਨੂੰ 10 ਲੱਖ ਰੁਪਏ ਦੇ ਮੁਚਲਕੇ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ ਅਤੇ ਦੋ ਪ੍ਰਮੁੱਖ ਸਰਤਾਂ ਲਗਾਈਆਂ ਹਨ: ਉਸ ਨੂੰ ਆਪਣਾ ਪਾਸਪੋਰਟ ਜਮ੍ਹਾ ਕਰਵਾਉਣਾ ਪਵੇਗਾ ਅਤੇ ਹਰੇਕ ਸੋਮਵਾਰ ਨੂੰ ਥਾਣੇ ਵਿਚ ਹਾਜਰੀ ਲਗਾਉਣੀ ਪਵੇਗੀ। ਇਸ ਫੈਸਲੇ ਤੋਂ ਬਾਅਦ ਸੀਬੀਆਈ ਅਤੇ ਈਡੀ ਦੀ ਤਰਫੋਂ ਪੇਸ ਹੋਏ ਐਡੀਸਨਲ ਸਾਲਿਸਟਰ ਜਨਰਲ ਐੱਸਵੀ ਰਾਜੂ ਨੇ ਅਦਾਲਤ ਨੂੰ ਅਰਵਿੰਦ ਕੇਜਰੀਵਾਲ ਦੇ ਮਾਮਲੇ ਵਾਂਗ ਸਿਸੋਦੀਆ ਦੇ ਸਕੱਤਰੇਤ ਜਾਣ 'ਤੇ ਪਾਬੰਦੀ ਲਗਾਉਣ ਦੀ ਬੇਨਤੀ ਕੀਤੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ। ਮਨੀਸ ਸਿਸੋਦੀਆ ਨੂੰ 26 ਫਰਵਰੀ 2023 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ 9 ਅਕਤੂਬਰ ਨੂੰ ਈਡੀ ਨੇ ਵੀ ਉਸ ਨੂੰ ਗ੍ਰਿਫਤਾਰ ਕੀਤਾ ਸੀ। ਉਸ 'ਤੇ ਆਬਕਾਰੀ ਨੀਤੀ 'ਚ ਬੇਨਿਯਮੀਆਂ ਕਰਨ ਅਤੇ ਸਰਾਬ ਕਾਰੋਬਾਰੀਆਂ ਨੂੰ ਨਾਜਾਇਜ ਫਾਇਦਾ ਪਹੁੰਚਾਉਣ ਦਾ ਦੋਸ ਹੈ। ਇਸ ਮਾਮਲੇ ਵਿੱਚ 17 ਅਗਸਤ 2022 ਨੂੰ ਸੀਬੀਆਈ ਨੇ

ਕੇਸ ਦਰਜ ਕੀਤਾ ਸੀ ਅਤੇ ਇਸ ਤੋਂ ਬਾਅਦ ਈਡੀ ਵੀ ਇਸ ਮਾਮਲੇ ਵਿੱਚ ਸਾਮਲ ਹੋਈ ਸੀ। ਸਰਾਬ ਘੁਟਾਲੇ ਦੇ ਦੋਸੀ ਅਮਿਤ ਅਰੋੜਾ, ਦਿਨੇਸ ਅਰੋੜਾ ਅਤੇ ਅਰਜੁਨ ਪਾਂਡੇ ਸਿਸੋਦੀਆ ਦੇ ਕਰੀਬੀ ਮੰਨੇ ਜਾਂਦੇ ਹਨ। ਇਨ੍ਹਾਂ 'ਤੇ ਦੋਸ ਹੈ ਕਿ ਤਿੰਨਾਂ ਨੇ ਸਰਕਾਰੀ ਅਧਿਕਾਰੀਆਂ ਦੀ ਮਦਦ ਨਾਲ ਸਰਾਬ ਦੇ ਕਾਰੋਬਾਰੀਆਂ ਤੋਂ ਪੈਸਾ ਇਕੱਠਾ ਕੀਤਾ ਅਤੇ ਹੋਰ ਪਾਸੇ ਮੋੜ ਦਿੱਤਾ। ਸੀਬੀਆਈ ਐੱਫਆਈਆਰ ਮੁਤਾਬਕ ਅਰਜੁਨ ਪਾਂਡੇ ਨੇ ਸਰਾਬ ਕਾਰੋਬਾਰੀ ਸਮੀਰ ਮਹਿੰਦਰੂ ਤੋਂ 2 ਤੋਂ 4 ਕਰੋੜ ਰੁਪਏ ਲਏ ਸਨ। ਇਹ ਰਕਮ ਵਿਜੇ ਨਾਇਰ ਤੋਂ ਲਈ ਗਈ ਸੀ। ਵਿਜੇ ਨਾਇਰ ਕੁਝ ਸਾਲਾਂ ਤੋਂ ਆਮ ਆਦਮੀ ਪਾਰਟੀ ਦੇ ਸੰਚਾਰ ਇੰਚਾਰਜ ਵੀ ਰਹੇ ਹਨ। ਦਿੱਲੀ ਦੀ ਨਵੀਂ ਸਰਾਬ ਨੀਤੀ 17 ਨਵੰਬਰ 2021 ਨੂੰ ਲਾਗੂ ਕੀਤੀ ਗਈ ਸੀ, ਜਿਸ ਵਿੱਚ ਸਰਾਬ ਦੇ ਕਾਰੋਬਾਰ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦਾ ਦਾਅਵਾ ਕੀਤਾ ਗਿਆ ਸੀ। ਹਾਲਾਂਕਿ, ਇਸ ਨੀਤੀ ਨੂੰ ਲੈ ਕੇ ਵਿਵਾਦ ਵਧਣ ਤੋਂ ਬਾਅਦ ਇਸਨੂੰ 28 ਜੁਲਾਈ 2022 ਨੂੰ ਰੱਦ ਕਰ ਦਿੱਤਾ ਗਿਆ ਸੀ। ਸਿਸੋਦੀਆ 'ਤੇ ਦੋਸ਼ ਹੈ ਕਿ ਉਹਨਾਂ ਨੇ ਕੋਵਿਡ ਦੇ ਬਹਾਨੇ ਲਾਇਸੈਂਸ ਫੀਸ ਮੁਆਫ ਕਰ ਦਿੱਤਾ ਅਤੇ ਸਰਾਬ ਕਾਰੋਬਾਰੀਆਂ ਨੂੰ ਨਾਜਾਇਜ ਲਾਭ ਪਹੁੰਚਾਇਆ। ਇਸ ਨੀਤੀ ਨੂੰ ਲੈ ਕੇ ਦਿੱਲੀ ਸਰਕਾਰ ਦਾ ਦਾਅਵਾ ਸੀ ਕਿ ਨਵੀਂ ਸਰਾਬ ਨੀਤੀ ਨਾਲ ਮਾਫੀਆ ਰਾਜ ਖਤਮ ਹੋਵੇਗਾ ਅਤੇ ਸਰਕਾਰ ਦਾ ਮਾਲੀਆ ਵਧੇਗਾ।

ਸਾਡੇ ਕੋਲ ਬਹੁਮਤ ਹੁੰਦਾ ਤਾਂ ਅਸੀਂ ਵਿਨੇਸ਼ ਫੋਗਾਟ ਨੂੰ ਰਾਜ ਸਭਾ ਭੇਜਦੇ: ਹੁੱਡਾ

ਚੰਡੀਗੜ੍ਹ 9 ਅਗਸਤ। ਹਰਿਆਣਾ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਵੀਰਵਾਰ ਨੂੰ ਕਿਹਾ ਕਿ ਜੇਕਰ ਕਾਂਗਰਸ ਕੋਲ ਬਹੁਮਤ ਹੁੰਦਾ ਤਾਂ ਪਹਿਲਵਾਨ ਵਿਨੇਸ਼ ਫੋਗਾਟ ਨੂੰ ਰਾਜ ਸਭਾ ਭੇਜਦੇ। ਹੁੱਡਾ ਇੱਥੇ ਮੀਡੀਆ ਨਾਲ ਗੱਲ ਕਰ ਰਹੇ ਸਨ। ਜਦੋਂ ਉਨ੍ਹਾਂ ਤੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਫੋਗਾਟ ਨੂੰ ਚਾਂਦੀ ਤਮਗਾ ਜੇਤੂ ਵਾਂਗ ਹੀ ਸਨਮਾਨ ਅਤੇ ਸਹੂਲਤਾਂ ਦੇਣ ਦੇ ਐਲਾਨ 'ਤੇ ਪ੍ਰਤੀਕਿਰਿਆ ਮੰਗੀ ਗਈ ਤਾਂ ਹੁੱਡਾ ਨੇ ਕਿਹਾ ਕਿ ਉਹ ਇਸ ਤੋਂ ਸਹਿਮਤ ਹਨ। ਹੱਡਾ ਨੇ ਕਿਹਾ ਕਿ ਅਸਲ ਵਿਚ ਤਾਂ ਵਿਨੇਸ਼ ਨੂੰ ਸੋਨ ਤਮਗਾ ਜੇਤੂ ਵਾਂਗ ਸਨਮਾਨ ਮਿਲਣਾ ਚਾਹੀਦਾ ਹੈ ਕਿਉਂਕਿ ਉਹ

ਫਾਈਨਲ ਮੁਕਾਬਲਾ ਖੇਡ ਨਹੀਂ ਸਕੀ ਪਰ ਜੇਕਰ ਉਹ ਖੇਡਦੀ ਤਾਂ ਉਸ ਵਿਚ ਸੋਨ ਤਮਗਾ ਜਿੱਤਣ ਦਾ ਹੌਸਲਾ ਸੀ। ਉਨ੍ਹਾਂ ਨੇ ਵਜਨ ਮਾਮੂਲੀ ਜ਼ਿਆਦਾ ਹੋਣ 'ਤੇ ਵਿਨੇਸ਼ ਨੂੰ ਅਯੋਗ ਕਰਾਰ ਦੇਣ ਦੇ ਸਮੁੱਚੇ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਹਰਿਆਣਾ ਤੋਂ ਰਾਜ ਸਭਾ ਦੀ ਇਕ ਸੀਟ (ਦੀਪੇਂਦਰ ਹੁੱਡਾ ਦੇ ਲੋਕ ਸਭਾ ਵਿਚ ਜਾਣ ਤੋਂ) ਖਾਲੀ ਹੋ ਗਈ ਹੈ। ਚੋਣ ਕਮਿਸ਼ਨ ਨੇ ਬੁੱਧਵਾਰ ਨੂੰ ਕਿਹਾ ਕਿ ਰਾਜ ਸਭਾ ਦੀਆਂ 10 ਸੀਟਾਂ ਖਾਲੀ ਹੋ ਗਈਆਂ, ਜਦੋਂ ਕਿ 2 ਸੀਟਾਂ ਮੈਂਬਰਾਂ ਦੇ ਅਸਤੀਫੇ ਕਾਰਨ ਖਾਲੀ ਹੋਈਆਂ ਹਨ। ਇਨ੍ਹਾਂ ਸੀਟਾਂ 'ਤੇ 3 ਸਤੰਬਰ ਨੂੰ ਵੋਟਾਂ ਪੈਣਗੀਆਂ। ਨਾਮਜਦਗੀ ਦੀ ਪ੍ਰਕਿਰਿਆ 14 ਅਗਸਤ ਤੋਂ ਸ਼ੁਰੂ ਹੋਵੇਗੀ।

'ਅਣਉਚਿਤ ਤੇ ਅਪਮਾਨਜਨਕ' ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਦੀ ਟਿੱਪਣੀ 'ਤੇ ਭੜਕੇ ਚੀਫ ਜਸਟਿਸ

ਨਵੀਂ ਦਿੱਲੀ 9 ਅਗਸਤ। ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਿੰਗਲ ਬੈਂਚ ਵੱਲੋਂ ਸੁਪਰੀਮ ਕੋਰਟ ਦੀ ਮਾਣਹਾਨੀ ਦੇ ਮਾਮਲੇ ਵਿਚ ਕੀਤੀਆਂ ਗਈਆਂ 'ਬੇਲੋੜੀਆਂ' ਤੇ 'ਅਪਮਾਨਜਨਕ' ਟਿੱਪਣੀਆਂ ਨੂੰ ਬੁੱਧਵਾਰ ਰੱਦ ਕਰ ਦਿੱਤਾ ਤੇ ਕਿਹਾ ਕਿ ਉਸ ਨੂੰ ਇਸ ਕਾਰਨ ਦੁੱਖ ਹੋਇਆ ਹੈ। ਚੀਫ ਜਸਟਿਸ ਡੀ. ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਟਿੱਪਣੀਆਂ ਦਾ ਖੁਦ ਨੋਟਿਸ ਲਿਆ ਤੇ ਕਿਹਾ ਕਿ ਹਾਈ ਕੋਰਟ

ਦੇ ਜੱਜ ਰਾਜਬੀਰ ਸਹਿਰਾਵਤ ਦੀਆਂ ਟਿੱਪਣੀਆਂ ਗੰਭੀਰ ਚਿੰਤਾ ਦਾ ਵਿਸਾ ਹਨ। ਬੈਂਚ 'ਚ ਜਸਟਿਸ ਸੰਜੀਵ ਖੰਨਾ, ਜਸਟਿਸ ਬੀ.ਆਰ. ਗਵਈ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਰਿਸੀਕੇਸ ਰਾਏ ਵੀ ਸਾਮਲ ਸਨ। ਬੈਂਚ ਨੇ ਕਿਹਾ ਕਿ ਸਾਡੇ ਹੁਕਮਾਂ ਦੀ ਪਾਲਣਾ ਕਰਨੀ ਸੰਵਿਧਾਨਕ ਜ਼ਿੰਮੇਵਾਰੀ ਹੈ। ਨਾ ਤਾਂ ਸੁਪਰੀਮ ਕੋਰਟ ਤੇ ਨਾ ਹੀ ਹਾਈ ਕੋਰਟ ਸੁਪਰੀਮ ਹੈ, ਭਾਰਤ ਦਾ ਸੰਵਿਧਾਨ ਹੀ ਸੁਪਰੀਮ ਹੈ। ਹਾਈ ਕੋਰਟ ਵਿਚ ਕਾਰਵਾਈ ਚਲਾਉਣ ਲਈ ਅਜਿਹੀਆਂ ਟਿੱਪਣੀਆਂ ਪੂਰੀ ਤਰ੍ਹਾਂ ਬੇਲੋੜੀਆਂ ਹਨ। ਹਾਲਾਂਕਿ ਬੈਂਚ ਨੇ ਇਸ ਪੜਾਅ 'ਤੇ ਹਾਈ ਕੋਰਟ ਦੇ ਜੱਜ ਦੀਆਂ 'ਅਪਮਾਨਜਨਕ' ਟਿੱਪਣੀਆਂ ਲਈ ਨਾ ਤਾਂ ਕੋਈ ਨੋਟਿਸ ਜਾਰੀ ਕੀਤਾ ਤੇ ਨਾ ਹੀ ਕੋਈ ਕਾਰਵਾਈ ਕੀਤੀ।

ਭਾਰਤ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਬੰਗਲਾਦੇਸ਼ ਦੇ ਲੋਕ, ਬੀ.ਐੱਸ.ਐੱਫ. ਨੇ ਚੁੱਕਿਆ ਵੱਡਾ ਕਦਮ

ਨਵੀਂ ਦਿੱਲੀ 9 ਅਗਸਤ। ਸਰਹੱਦੀ ਸੁਰੱਖਿਆ ਫੋਰਸ (ਬੀ.ਐੱਸ.ਐੱਫ.) ਨੇ ਬੁੱਧਵਾਰ ਨੂੰ ਕਰੀਬ 120-140 ਬੰਗਲਾਦੇਸ਼ੀ ਨਾਗਰਿਕਾਂ ਦੇ ਇਕ ਸਮੂਹ ਨੂੰ ਰੋਕਿਆ, ਜੋ ਪੱਛਮੀ ਬੰਗਾਲ 'ਚ ਅੰਤਰਰਾਸ਼ਟਰੀ ਸਰਹੱਦ ਪਾਰ ਕਰ ਕੇ ਭਾਰਤੀ ਸਰਹੱਦ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਅਨੁਸਾਰ ਇਸ ਹਫਤੇ ਦੀ ਸ਼ੁਰੂਆਤ 'ਚ ਢਾਕਾ 'ਚ ਸ਼ੇਖ ਹਸੀਨਾ ਸਰਕਾਰ ਦੇ ਪਤਨ ਦੇ ਬਾਅਦ ਤੋਂ ਹੀ ਸੁਰੱਖਿਆ ਫੋਰਸ 'ਹਾਈ ਅਲਰਟ' 'ਤੇ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਦਾਰਜੀਲਿੰਗ ਦੇ ਕਦਮਤਲਾ 'ਚ ਸਥਿਤ ਬੀ.ਐੱਸ.ਐੱਫ. ਦੇ ਹੈੱਡ ਕੁਆਰਟਰ ਦੇ ਅਧਿਕਾਰ ਖੇਤਰ 'ਚ 2 ਥਾਵਾਂ 'ਤੇ ਦਿਨ 'ਚ ਵਾਪਰੀ। ਉਨ੍ਹਾਂ ਦੱਸਿਆ ਕਿ ਬੀ.ਐੱਸ.ਐੱਫ. ਦੇ ਫੀਲਡ ਕਮਾਂਡਰਾਂ ਨੇ ਬਾਰਡਰ ਗਾਰਡ ਬੰਗਲਾਦੇਸ਼ (ਬੀ.ਜੀ.ਬੀ.) ਦੇ ਆਪਣੇ ਹਮਰੁਤਬਾ ਨਾਲ ਸੰਪਰਕ ਕੀਤਾ ਅਤੇ ਔਰਤਾਂ ਤੇ ਬੱਚਿਆਂ ਨਾਲ ਆਏ 120-140 ਲੋਕਾਂ ਦੇ ਇਸ ਸਮੂਹ ਨੂੰ ਰੋਕਿਆ ਗਿਆ

15 ਅਗਸਤ 'ਤੇ 'ਹਰ ਘਰ ਤਿਰੰਗਾ ਮੁਹਿੰਮ' ਤਹਿਤ ਯੂਪੀ 'ਚ ਲਹਿਰਾਏ ਜਾਣਗੇ 5 ਕਰੋੜ ਤਿਰੰਗੇ ਝੰਡੇ

ਲਖਨਊ 9 ਅਗਸਤ। ਆਜਾਦੀ ਦੀ ਵਰ੍ਹੇਗੰਢ ਦੇ ਪਵਿੱਤਰ ਤਿਉਹਾਰ 'ਤੇ ਇਸ ਸਾਲ 13 ਤੋਂ 15 ਅਗਸਤ ਦਰਮਿਆਨ ਉੱਤਰ ਪ੍ਰਦੇਸ 'ਚ 4 ਕਰੋੜ 75 ਲੱਖ ਤਿਰੰਗੇ ਝੰਡੇ ਲਹਿਰਾਏ ਜਾਣਗੇ, ਜੋ ਪਿਛਲੇ ਸਾਲ ਨਾਲੋਂ 25 ਲੱਖ ਵੱਧ ਹਨ। ਹਰ ਸਾਲ ਦੀ ਤਰ੍ਹਾਂ ਅਜਾਦੀ ਦਿਵਸ ਦੇ ਮੌਕੇ ਯੋਗੀ ਸਰਕਾਰ ਵੱਲੋਂ ਹਰ ਨਾਗਰਿਕ ਦੇ ਮਨ 'ਚ ਦੇਸ ਭਗਤੀ ਦੀ ਭਾਵਨਾ ਜਗਾਉਣ ਦੇ ਉਦੇਸ ਨਾਲ 13 ਤੋਂ 15 ਅਗਸਤ ਤੱਕ 'ਹਰ ਘਰ ਤਿਰੰਗਾ ਮੁਹਿੰਮ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਸਰਕਾਰ ਨੇ ਪਿਛਲੇ ਸਾਲ ਨਾਲੋਂ ਇਸ ਸਾਲ 5 ਤੋਂ 10 ਫੀਸਦੀ ਵੱਧ ਤਿਰੰਗਾ ਲਹਿਰਾਉਣ ਦਾ ਟੀਚਾ ਰੱਖਿਆ ਹੈ। ਸਾਲ 2023 'ਚ ਸੂਬੇ 'ਚ 4.5 ਕਰੋੜ ਤਿਰੰਗੇ ਝੰਡੇ ਲਹਿਰਾਏ ਗਏ ਸਨ, ਜਦਕਿ ਇਸ ਵਾਰ 4.75 ਕਰੋੜ ਦਾ ਟੀਚਾ ਰੱਖਿਆ ਗਿਆ ਹੈ। ਇਸ ਟੀਚੇ ਅਨੁਸਾਰ ਸਾਰੇ ਜ਼ਿਲ੍ਹਿਆਂ ਨੂੰ ਵੀ ਟੀਚੇ ਦਿੱਤੇ ਗਏ ਹਨ। ਸਾਲ 2022 ਅਤੇ 2023 ਵਿੱਚ ਹਰ ਘਰ ਤਿਰੰਗਾ ਮੁਹਿੰਮ ਤਹਿਤ ਉੱਤਰ ਪ੍ਰਦੇਸ ਨੇ ਪੂਰੇ ਦੇਸ ਵਿੱਚ ਸਭ ਤੋਂ ਵੱਧ ਝੰਡੇ ਲਹਿਰਾਏ। ਪਿਛਲੇ ਦੋ ਸਾਲਾਂ ਦੀਆਂ ਮੁਹਿੰਮਾਂ ਵਿੱਚ ਹਰ ਸਾਲ 4.5 ਕਰੋੜ ਤੋਂ ਵੱਧ ਝੰਡੇ ਲਹਿਰਾਏ ਗਏ। ਰਾਜ ਦੇ ਨਾਗਰਿਕਾਂ ਵੱਲੋਂ ਸੈਲਫੀ ਅਪਲੋਡ ਮੁਹਿੰਮ ਵਿੱਚ ਉਤਸਾਹ ਨਾਲ ਹਿੱਸਾ ਲੈਂਦਿਆਂ ਵੱਧ ਤੋਂ ਵੱਧ ਸੈਲਫੀਜ ਅਪਲੋਡ ਕੀਤੀਆਂ ਗਈਆਂ। ਇਸ ਸਾਲ ਵੀ ਇਹ ਸਮਾਗਮ ਇਸੇ ਉਤਸਾਹ ਨਾਲ ਮਨਾਇਆ ਜਾਵੇਗਾ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇਸ ਸਬੰਧੀ ਨਿਰਦੇਸ ਜਾਰੀ ਕੀਤੇ ਹਨ। ਇਸ ਤਹਿਤ ਸੂਬੇ ਭਰ 'ਚ 4 ਕਰੋੜ ਘਰਾਂ ਅਤੇ 30 ਲੱਖ ਅਦਾਰਿਆਂ ਸਮੇਤ ਕਰੀਬ 4.30 ਕਰੋੜ ਥਾਵਾਂ 'ਤੇ ਤਿਰੰਗਾ ਲਹਿਰਾਇਆ ਜਾਵੇਗਾ। ਇਸ ਪ੍ਰੋਗਰਾਮ ਤਹਿਤ ਵੱਖ-ਵੱਖ ਪ੍ਰਚਾਰ ਮਾਧਿਅਮਾਂ ਰਾਹੀਂ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ, ਦਫਤਰਾਂ, ਵਪਾਰਕ ਅਦਾਰਿਆਂ, ਉਦਯੋਗਿਕ ਅਦਾਰਿਆਂ, ਆਂਗਣਵਾੜੀ ਕੇਂਦਰਾਂ, ਹਸਪਤਾਲਾਂ ਅਤੇ ਹੋਰ ਜਨਤਕ ਥਾਵਾਂ 'ਤੇ ਝੰਡਾ ਲਹਿਰਾਉਣ ਲਈ ਪ੍ਰੇਰਿਤ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

ਜੰਮੂ ਕਸ਼ਮੀਰ 'ਚ ਜਲਦ ਹੋਣਗੀਆਂ ਵਿਧਾਨ ਸਭਾ ਚੋਣਾਂ, ਕਮਿਸ਼ਨ ਨੇ ਦਿੱਤੇ ਸੰਕੇਤ

ਏਜੰਸੀਆਂ

ਜੰਮੂ 9 ਅਗਸਤ। ਚੋਣ ਕਮਿਸ਼ਨ ਨੇ ਜੰਮੂ ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਜਲਦ ਕਰਵਾਉਣ ਦਾ ਸੰਕੇਤ ਦਿੰਦੇ ਹੋਏ ਸ਼ੁੱਕਰਵਾਰ ਨੂੰ ਕਿਹਾ ਕਿ ਇਕ ਵਾਰ ਇਹ ਪ੍ਰਕਿਰਿਆ ਐਲਾਨ ਕਰ ਦਿੱਤੇ ਜਾਣ ਤੋਂ ਬਾਅਦ ਕੋਈ ਵੀ ਤਾਕਤ ਉਸ ਨੂੰ ਰੋਕ ਨਹੀਂ ਸਕਦੀ। ਮੁੱਖ ਚੋਣ ਕਮਿਸ਼ਨ ਰਾਜੀਵ ਕੁਮਾਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦਾ 2 ਦਿਨ ਦਾ ਦੌਰਾ ਕਰਨ ਤੋਂ ਬਾਅਦ ਇੱਥੇ ਇਕ ਪੱਤਰਕਾਰ ਸੰਮੇਲਨ 'ਚ ਕਿਹਾ,"ਜੰਮੂ ਕਸ਼ਮੀਰ 'ਚ ਵਿਧਾਨ ਸਭਾ ਚੋਣਾਂ ਦਾ ਸੁਹਨਾ ਸਾਕਾਰ ਕਰਨ ਦਾ ਸਮਾਂ ਆ ਗਿਆ ਹੈ।" ਉਨ੍ਹਾਂ ਕਿਹਾ,"ਜੰਮੂ ਕਸ਼ਮੀਰ 'ਚ ਚੋਣ ਪ੍ਰਕਿਰਿਆ ਐਲਾਨ ਹੋਣ ਦੇ ਬਾਅਦ ਕੋਈ ਵੀ ਅੰਦਰੂਨੀ ਅਤੇ ਬਾਹਰੀ ਤਾਕਤ ਚੋਣ ਪ੍ਰਕਿਰਿਆ ਨੂੰ ਪੱਟੜੀ ਤੋਂ ਨਹੀਂ ਉਤਾਰ ਸਕਦੀ।" ਉਨ੍ਹਾਂ ਕਿਹਾ ਕਿ ਇਸ ਸਰਹੱਦੀ ਖੇਤਰ 'ਚ ਚੋਣਾ ਕਰਵਾਉਣਾ ਇਕ ਚੁਣੌਤੀ ਭਰਿਆ ਕੰਮ ਜਰੂਰ ਹੈ ਪਰ ਕੋਈ ਇਹ ਨਹੀਂ ਕਹਿ ਸਕਦਾ ਕਿ ਵਿਧਾਨ ਸਭਾ ਚੋਣਾਂ ਨੂੰ ਰੋਕਿਆ ਜਾ ਸਕਦਾ ਹੈ। ਰਾਜੀਵ ਕੁਮਾਰ ਨੇ ਕਿਹਾ ਕਿ ਉਨ੍ਹਾਂ ਦੇ ਜੰਮੂ ਕਸ਼ਮੀਰ ਦੌਰੇ 'ਚ ਹਰ ਪੱਖ ਨੇ ਇਹ ਯਕੀਨੀ ਕੀਤਾ ਹੈ ਕਿ ਚੋਣਾਂ 'ਚ ਉਨ੍ਹਾਂ ਦੀ ਪੂਰੀ ਹਿੱਸੇਦਾਰੀ ਅਤੇ ਇਸ ਨੂੰ ਸੰਪੰਨ ਕਰਵਾਉਣ 'ਚ ਉਨ੍ਹਾਂ ਦਾ ਪੂਰਾ ਸਹਿਯੋਗ ਹੋਵੇਗਾ। ਉਨ੍ਹਾਂ ਕਿਹਾ ਕਿ ਚੋਣਾਂ ਦਾ ਸਮਾਂ ਆ ਗਿਆ ਹੈ ਅਤੇ ਕਮਿਸ਼ਨ ਦਿੱਲੀ ਪਹੁੰਚ ਕੇ ਸੁਰੱਖਿਆ ਫੋਰਸਾਂ ਦੀ ਉਪਲੱਬਧਤਾ ਬਾਰੇ ਸਮੀਖਿਆ ਕਰੇਗਾ। ਮੁੱਖ ਚੋਣ ਕਮਿਸ਼ਨਰ ਨਾਲ ਕਮਿਸ਼ਨ 'ਚ ਉਨ੍ਹਾਂ ਦੇ ਸਹਿਯੋਗੀ ਕਮਿਸ਼ਨਰ ਗਿਆਨੇਸ਼ ਕੁਮਾਰ ਐੱਸ.ਐੱਸ. ਸੰਧੂ ਅਤੇ ਕੁਝ ਹੋਰ ਅਧਿਕਾਰੀ ਵੀ

ਪੰਜਾਬ ਪੁਲਸ ਦੇ ਚਾਰ ਮੁਲਾਜਮ ਕਪੂਰਥਲਾ ਪੁਲਸ ਵੱਲੋਂ ਗ੍ਰਿਫਤਾਰ

ਕਪੂਰਥਲਾ 9 ਅਗਸਤ। ਕਪੂਰਥਲਾ ਪੁਲਸ ਨੇ ਪੰਜਾਬ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐੱਸ. ਟੀ. ਐੱਫ.) ਦੇ ਪੰਜ ਮੈਂਬਰਾਂ ਵਿੱਚੋਂ ਚਾਰ ਨੂੰ ਕਰੀਬ ਪੰਜ ਸਾਲ ਪਹਿਲਾਂ ਇਕ ਸਥਾਨਕ ਵਾਸੀ ਖ?ਿਲਾਫ ਨਸੀਲੇ ਪਦਾਰਥਾਂ ਦਾ ਝੂਠਾ ਕੇਸ ਦਰਜ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਹੈ। ਮੁਲਜਮ ਪੁਲਸ ਮੁਲਾਜਮਾਂ ਨੇ ਕੁਲਦੀਪ ਸਿੰਘ ਉਰਫ ਸੋਨੂੰ ਖ?ਿਲਾਫ 2019 'ਚ ਕਪੂਰਥਲਾ ਸਿਟੀ ਥਾਣੇ ਵਿੱਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਹੈਰੋਇਨ ਅਤੇ ਭੁੱਕੀ ਰੱਖਣ ਦੇ ਦੋਸ਼ ਹੇਠ ਐੱਫ. ਆਈ. ਆਰ. ਦਰਜ ਕੀਤੀ ਸੀ। ਸੋਨੂੰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਇਕ ਰਿਟ ਪਟੀਸਨ ਦਾਇਰ ਕੀਤੀ ਸੀ, ਜਿਸ ਨੇ ਪਿਛਲੇ ਸਾਲ ਇਕ ਫੈਸਲੇ ਵਿੱਚ ਪੰਜ ਪੁਲਸ ਮੁਲਾਜਮਾਂ ਵਿਰੁੱਧ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ। ਹਾਈਕੋਰਟ ਦੇ ਹੁਕਮਾਂ 'ਤੇ ਉਨ੍ਹਾਂ ਖ?ਿਲਾਫ 21 ਦਸੰਬਰ 2023 ਨੂੰ ਕਪੂਰਥਲਾ ਸਿਟੀ ਪੁਲਸ ਸਟੇਸਨ ਵਿਖੇ ਐੱਨ. ਡੀ. ਪੀ. ਐੱਸ. ਐਕਟ ਦੀ ਧਾਰਾ 58, 61 ਅਤੇ 85 ਦੇ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਗ੍ਰਿਫਤਾਰ ਕੀਤੇ ਗਏ ਪੁਲਸ ਮੁਲਾਜਮਾਂ ਵਿੱਚ ਸਹਾਇਕ ਸਬ-ਇੰਸਪੈਕਟਰ ਸਿਲਵੈਸਟਰ ਮਸੀਹ ਅਤੇ ਕਾਂਸਟੇਬਲ ਮੇਜਰ ਸਿੰਘ, ਗੁਰਵਿੰਦਰ ਸਿੰਘ ਅਤੇ ਸਾਮ ਮਸੀਹ ਸਾਮਲ ਹਨ। ਮੇਜਰ ਸਿੰਘ ਨੂੰ ਸਨੀਵਾਰ ਅਤੇ ਬਾਕੀ ਤਿੰਨ ਨੂੰ ਸੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਸ ਨੇ ਉਨ੍ਹਾਂ ਦਾ ਤਿੰਨ ਦਿਨ ਦਾ ਰਿਮਾਂਡ ਹਾਸਲ ਕੀਤਾ ਹੈ। ਪੰਜਵਾਂ ਮੁਲਜਮ ਸਹਾਇਕ ਸਬ-ਇੰਸਪੈਕਟਰ ਕੁਲਦੀਪ ਸਿੰਘ ਅਜੇ ਤੱਕ ਗ੍ਰਿਫਤਾਰ ਨਹੀਂ ਹੋਇਆ। ਸਿਲਵੈਸਟਰ ਨੇ 23 ਸਤੰਬਰ 2019 ਨੂੰ ਕਪੂਰਥਲਾ ਦੇ ਮੁਹੱਲਾ ਮੁਲਕਾਣਾ ਦੇ ਰਹਿਣ

ਵਾਲੇ ਸੋਨੂੰ ਖ?ਿਲਾਫ ਐੱਫ. ਆਈ. ਆਰ. ਦਰਜ ਕਰਵਾਈ ਸੀ। ਦੋਸ਼ ਹੈ ਕਿ ਉਸ ਨੂੰ ਕੁਸਟ ਆਸਰਮ (ਕਪੂਰਥਲਾ) ਨੇੜਿਓਂ 20 ਗ੍ਰਾਮ ਹੈਰੋਇਨ ਅਤੇ 250 ਗ੍ਰਾਮ ਭੁੱਕੀ ਬਰਾਮਦ ਹੋਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ। ਐੱਸ. ਟੀ. ਐੱਫ. ਮੈਂਬਰਾਂ ਨੇ ਦੋਸ਼ ਲਾਇਆ ਸੀ ਕਿ ਸੋਨੂੰ ਨੇ ਆਪਣੀ ਪੈਂਟ ਦੀ ਜੇਬ ਵਿੱਚੋਂ ਪਾਬੰਦੀਸੁਦਾ ਪਦਾਰਥਾਂ ਵਾਲੇ ਦੋ ਪੌਲੀਥੈਲੇ ਸੁੱਟੇ। ਬਾਅਦ ਵਿੱਚ ਮਾਮਲੇ ਵਿੱਚ ਦੋ ਹੋਰ ਨੌਜਵਾਨਾਂ ਨੂੰ ਨਾਮਜਦ ਕੀਤਾ ਗਿਆ। 16 ਅਪ੍ਰੈਲ 2020 ਨੂੰ ਪੁਲਸ ਨੇ ਅਦਾਲਤ ਵਿੱਚ ਚਲਾਨ ਪੇਸ ਕੀਤਾ। ਐੱਫ. ਆਈ. ਆਰ. ਨੂੰ ਝੂਠਾ ਦੱਸਦਿਆਂ ਸੋਨੂੰ ਨੇ ਹਾਈਕੋਰਟ ਵਿੱਚ ਰਿਟ ਪਟੀਸਨ ਦਾਇਰ ਕੀਤੀ ਅਤੇ ਆਪਣੇ ਸਰਵਿਸ ਸਟੇਸਨ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਪੇਸ ਕੀਤੀ, ਜਿਸ ਵਿੱਚ ਐੱਫ. ਆਈ. ਆਰ. ਦਰਜ ਹੋਣ ਤੋਂ ਕੁਝ ਘੰਟੇ ਪਹਿਲਾਂ ਪੁਲਸ ਮੁਲਾਜਮ ਉਸ ਕੋਲ ਆਏ ਸਨ। ਸੋਨੂੰ ਨੇ ਪਟੀਸਨ 'ਚ ਕਿਹਾ ਹੈ ਕਿ ਐੱਫ. ਆਈ. ਆਰ. ਪੂਰੀ ਤਰ੍ਹਾਂ ਨਾਲ ਸੱਤਾ ਦੀ ਦੁਰਵਰਤੋਂ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਜਦੋਂ ਉਸ ਨੇ ਜਬਰੀ ਵਸੂਲੀ ਦੀ ਮੰਗ ਨੂੰ ਪੂਰਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਸ ਨੂੰ ਪਾਬੰਦੀਸੁਦਾ ਪਦਾਰਥ ਸੌਂਪ ਦਿੱਤਾ ਗਿਆ ਅਤੇ 23 ਸਤੰਬਰ 2019 ਦੀ ਸਵੇਰ ਨੂੰ ਛੇ ਤੋਂ ਸੱਤ ਪੁਲਸ ਮੁਲਾਜਮ ਉਸ ਦੀ ਵਰਕਸਾਪ 'ਤੇ ਆਏ। ਉਸ ਨੇ ਕਿਹਾ ਕਿ ਉਸ ਨੂੰ ਖਾਲੀ ਕਾਗਜਾਂ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਸਰੀਰਕ ਸੋਸਣ ਕੀਤਾ ਗਿਆ। 6 ਅਕਤੂਬਰ, 2023 ਨੂੰ ਹਾਈਕੋਰਟ ਨੇ ਸੋਨੂੰ ਦੇ ਹੱਕ ਵਿੱਚ ਫੈਸਲਾ ਸੁਣਾਇਆ ਅਤੇ ਇਕ ਐੱਸ. ਆਈ. ਟੀ. ਦੇ ਗਠਨ ਦੇ ਨਿਰਦੇਸ ਦਿੱਤੇ, ਜਿਸ ਦੀ ਅਗਵਾਈ ਜਲੰਧਰ ਦੇ ਡੀ. ਆਈ. ਜੀ. ਕਰਨਗੇ ਅਤੇ ਇਸ ਵਿੱਚ ਕਪੂਰਥਲਾ ਦਾ ਐੱਸ. ਐੱਸ. ਪੀ. ਅਤੇ ਜਲੰਧਰ ਦਾ ਇਕ ਡੀ. ਐੱਸ. ਪੀ. ਸਾਮਲ ਹੋਵੇਗਾ। ਹਾਈਕੋਰਟ ਦੇ ਜਸਟਿਸ ਅਰੁਣ ਮੋਂਗਾ ਨੇ ਦੋਸੀ ਅਧਿਕਾਰੀਆਂ ਖ?ਿਲਾਫ ਵੱਖਰੀ ਐੱਫ. ਆਈ. ਆਰ. ਦਰਜ ਕਰਨ ਦੇ ਹੁਕਮ ਵੀ ਦਿੱਤੇ ਹਨ।

ਖੇਤਾਂ 'ਚੋਂ ਅਣਪਛਾਤੇ ਨੌਜਵਾਨ ਦੀ ਲਾਸ਼ ਮਿਲਣ ਨਾਲ ਫੈਲੀ ਸਨਸਨੀ

ਗੋਰਾਇਆ 9 ਅਗਸਤ। ਗੋਰਾਇਆ ਦੇ ਸਮਸਾਨਘਾਟ ਨੇੜੇ ਖੇਤਾਂ 'ਚੋਂ ਇਕ ਨੌਜਵਾਨ ਦੀ ਗਲੀ ਸੜੀ ਹਾਲਤ 'ਚ ਲਾਸ਼ ਮਿਲਣ ਨਾਲ ਇਲਾਕੇ 'ਚ ਸਨਸਨੀ ਫੈਲ ਗਈ। ਇਸ ਸਬੰਧੀ ਅਮਨਦੀਪ ਨੇ ਦੱਸਿਆ ਕਿ ਉਹ ਪੱਠੇ ਲੈਣ ਲਈ ਖੇਤਾਂ 'ਚ ਆਇਆ ਸੀ, ਜਿੱਥੋਂ ਗੰਦੀ ਬਦਬੂ ਆਈ ਤਾਂ ਉਸ ਨੇ ਵੇਖਿਆ ਇਕ ਗਲੀ ਸੜੀ ਹਾਲਤ 'ਚ ਲਾਸ਼ ਪਈ ਹੈ, ਜਿਸ ਤੋਂ ਬਾਅਦ ਉਸ ਨੇ ਇਸ ਦੀ ਜਾਣਕਾਰੀ ਗੋਰਾਇਆ ਪੁਲਸ ਨੂੰ ਦਿੱਤੀ। ਮੌਕੇ 'ਤੇ ਐੱਸ. ਐੱਚ. ਓ. ਗੋਰਾਇਆ ਰਾਕੇਸ ਕੁਮਾਰ ਆਪਣੀ ਟੀਮ ਨਾਲ ਪਹੁੰਚੇ। ਉਨ੍ਹਾਂ ਦੱਸਿਆ ਕਿ ਲਾਸ਼ ਦੀ ਹਾਲਤ ਵੇਖ ਕੇ ਲੱਗਦਾ ਹੈ ਕਿ ਇਹ 8 ਤੋਂ 10 ਦਿਨ ਪੁਰਾਣੀ ਲਾਸ਼ ਹੈ। ਮ੍ਰਿਤਕ ਨੇ ਕਾਲੇ ਰੰਗ ਦੀ ਟੀ-ਸਰਟ ਅਤੇ ਕਾਲੇ ਰੰਗ ਦੀ ਕੈਪਰੀ ਪਾਈ ਹੋਈ ਹੈ, ਜਿਸ ਦੀ ਉਮਰ 30 ਤੋਂ 32 ਸਾਲ ਜਾਪਦੀ ਹੈ। ਲਾਸ਼ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਫਿਲੌਰ 'ਚ 72 ਘੰਟਿਆਂ ਲਈ ਸਨਾਖਤ ਲਈ ਰੱਖ ਦਿੱਤੀ ਹੈ।

ਇੰਸਟਾਗ੍ਰਾਮ 'ਤੇ ਫੇਕ ਆਈ. ਡੀ. ਬਣਾ ਕੇ ਕੁੜੀ ਨੂੰ ਕੀਤਾ ਬਲੈਕਮੇਲ, 4 ਨੌਜਵਾਨਾਂ ਖਿਲਾਫ ਮਾਮਲਾ ਦਰਜ

ਕਪੂਰਥਲਾ 9 ਅਗਸਤ। ਥਾਣਾ ਕੋਤਵਾਲੀ ਪੁਲਸ ਨੇ ਇੰਸਟਾਗ੍ਰਾਮ 'ਤੇ ਫੇਕ ਆਈ. ਡੀ. ਬਣਾ ਕੇ ਕੁੜੀ ਨੂੰ ਜਾਣਬੁੱਝ ਕੇ ਤੰਗ-ਪ੍ਰੇਸ਼ਾਨ ਕਰਨ ਤੇ ਬਲੈਕਮੇਲ ਕਰਨ ਦੇ ਇਲਜਾਮ 'ਚ 4 ਨੌਜਵਾਨਾਂ ਖ?ਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਫਿਲਹਾਲ ਕਿਸੇ ਮੁਲਜਮ ਦੀ ਗ੍ਰਿਫਤਾਰੀ ਨਹੀਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜਸਵਿੰਦਰਪਾਲ ਸਿੰਘ ਵਾਸੀ ਪਿੰਡ ਗੋਰੇ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਅਕਾਸ਼ਦੀਪ ਸਿੰਘ, ਹਰਮਨ, ਗੁਰਵਿੰਦਰ ਸਿੰਘ ਵਾਸੀ ਪਿੰਡ ਗੋਰੇ ਅਤੇ ਅਰਮਾਨ ਕੁਮਾਰ ਵਾਸੀ ਪਿੰਡ ਦੇਵਲਾਂਵਾਲ

ਇੰਸਟਾਗ੍ਰਾਮ 'ਤੇ ਫੇਕ ਆਈ. ਡੀ. ਬਣਾ ਕੇ ਮੇਰੀ ਕੁੜੀ ਨੂੰ ਤੰਗ ਪ੍ਰੇਸ਼ਾਨ ਅਤੇ ਬਲੈਕਮੇਲ ਕਰ ਰਹੇ ਹਨ। ਜਦੋਂ ਮੇਰੀ ਬੇਟੀ ਨੇ ਮੈਨੂੰ ਦੱਸਿਆ ਤਾਂ ਇਸ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ। ਸ਼ਿਕਾਇਤ ਦੇ ਆਧਾਰ 'ਤੇ ਥਾਣਾ ਕੋਤਵਾਲੀ ਪੁਲਸ ਨੇ 4 ਮੁਲਜਮਾਂ (ਅਕਾਸ਼ਦੀਪ ਸਿੰਘ, ਹਰਮਨ, ਗੁਰਵਿੰਦਰ ਸਿੰਘ ਤੇ ਅਰਮਾਨ ਕੁਮਾਰ) ਦੇ ਖ?ਿਲਾਫ ਧਾਰਾ 354-ਏ, 354-ਡੀ ਆਈ. ਪੀ. ਸੀ., 67-ਆਈ. ਟੀ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਮੁਲਜਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਸ ਨੇ ਬਾਈਕ ਸਵਾਰ ਇਕ ਵਿਅਕਤੀ ਤੇ ਔਰਤ ਨੂੰ ਹੈਰੋਇਨ ਸਮੇਤ ਕੀਤਾ ਕਾਬੂ

ਨਵਾਂਸ਼ਹਿਰ 9 ਅਗਸਤ। ਪੁਲਸ ਨੇ ਮੋਟਰਸਾਈਕਲ ਸਵਾਰ ਇਕ ਔਰਤ ਅਤੇ ਇਕ ਵਿਅਕਤੀ ਨੂੰ 5 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਕੰਦਪੁਰ 'ਚ ਤਾਇਨਾਤ ਏ. ਐੱਸ. ਆਈ. ਭੂਸ਼ਣ ਲਾਲ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਮੁਕੰਦਪੁਰ ਤੋਂ ਪਿੰਡ ਮੰਡੇਰ ਵੱਲ ਜਾ ਰਹੀ ਸੀ ਤਾਂ ਉਨ੍ਹਾਂ ਨੇ ਪਿੰਡ ਮੰਡੇਰ ਪੁਲੀ ਦੇ ਕੋਲ ਇਕ ਵਿਅਕਤੀ ਅਤੇ ਔਰਤ ਨੂੰ ਮੋਟਰਸਾਈਕਲ 'ਤੇ ਆਉਂਦੇ ਵੇਖਿਆ। ਪੁਲਸ ਪਾਰਟੀ ਨੂੰ ਵੇਖ ਕੇ ਵਿਅਕਤੀ ਡਰ ਗਿਆ ਅਤੇ ਆਪਣੀ ਬਾਈਕ ਨੂੰ ਪਿੱਛੇ ਵੱਲ ਮੋੜਨਾ ਸ਼ੁਰੂ ਕਰ ਦਿੱਤਾ, ਜੋਕਿ ਅਚਾਨਕ ਰੁਕ ਗਿਆ। ਉਕਤ ਬਾਈਕ ਸਵਾਰਾਂ ਨੇ ਪਲਾਸਟਿਕ ਦਾ

ਲਿਫਾਫਾ ਜ਼ਮੀਨ 'ਤੇ ਸੁੱਟ ਦਿੱਤਾ। ਐੱਸ. ਐੱਚ. ਓ. ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਵਿਅਕਤੀਆਂ ਨੂੰ ਕਾਬੂ ਕਰਕੇ ਜਦੋਂ ਲਿਫਾਫੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਉਕਤ ਵਿਅਕਤੀਆਂ ਦੀ ਪਛਾਣ ਜਸਵਿੰਦਰ ਕੁਮਾਰ ਉਰਫ ਕਾਕਾ ਵਾਸੀ ਤਲਵੰਡੀ ਫੱਤੂ ਅਤੇ ਔਰਤ ਦੀ ਪਛਾਣ ਸੀਮਾ ਵਾਸੀ ਮੁਕੰਦਪੁਰ ਵਜੋਂ ਹੋਈ ਹੈ। ਐੱਸ. ਐੱਚ. ਓ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਬੂ ਕੀਤੇ ਗਏ ਮੁਲਜ਼ਮ ਜਸਵਿੰਦਰ ਕੁਮਾਰ 'ਤੇ ਪਹਿਲਾਂ ਵੀ ਦਾਜ ਐਕਟ ਅਤੇ ਧੋਖਾਧੜੀ ਦੇ ਦੋ ਮੁਕੱਦਮੇ ਦਰਜ ਹਨ, ਜਦਕਿ ਸੀਮਾ 'ਤੇ ਐੱਨ .ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਐੱਸ. ਐੱਚ. ਓ. ਨੇ ਦੱਸਿਆ ਕਿ ਕਾਬੂ ਦੋਸ਼ੀਆਂ ਖ?ਿਲਾਫ ਥਾਣਾ ਮੁਕੰਦਪੁਰ ਵਿੱਚ ਐੱਨ. ਡੀ. ਪੀ. ਐੱਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਸਿੱਧਵਾਂ ਨਹਿਰ ਕੰਢੇ ਪੁਸ਼ਪ ਵਿਹਾਰ ਦੇ ਬਾਹਰ ਬਣ ਰਹੀ ਵਿਵਾਦਿਤ ਇਮਾਰਤ ਖ?ਿਲਾਫ ਫਿਰ ਹੋਈ ਖਾਨਾਪੂਰਤੀ

ਲੁਧਿਆਣਾ 9 ਅਗਸਤ। ਨਗਰ ਨਿਗਮ ਅਧਿਕਾਰੀਆਂ ਵੱਲੋਂ ਸੋਮਵਾਰ ਨੂੰ ਸਿੱਧਵਾਂ ਨਹਿਰ ਕੰਢੇ ਪੁਸ਼ਪ ਵਿਹਾਰ ਦੇ ਬਾਹਰ ਬਣ ਰਹੀ ਵਿਵਾਦਿਤ ਇਮਾਰਤ ਦੇ ਖਿਲਾਫ ਕਾਰਵਾਈ ਕਰਨ ਦਾ ਦਾਅਵਾ ਕੀਤਾ ਗਿਆ ਪਰ ਜ਼ੋਨ ਡੀ ਦੀ ਇਮਾਰਤੀ ਸ਼ਾਖਾ ਦੀ ਟੀਮ ਵੱਲੋਂ ਉੱਥੇ ਖਾਨਾਪੂਰਤੀ ਤੋਂ ਸਿਵਾਏ ਕੁਝ ਨਹੀਂ ਕੀਤਾ ਗਿਆ ਜਿਸ ਦਾ ਸਬੂਤ ਇਹ ਹੈ ਕਿ ਇਸ ਇਮਾਰਤ ਦੀ ਉਸਾਰੀ ਲਈ 6 ਨਕਸ਼ੇ ਪਾਸ ਕਰਵਾਏ ਗਏ ਹਨ ਅਤੇ ਸਾਈਟ 'ਤੇ ਇਕੱਠ ਮਲਟੀ ਸਟੋਰੀ ਕੰਪਲੈਕਸ ਬਣਾਇਆ ਗਿਆ ਹੈ ਜਿਸ ਦੀ ਬੇਸਮੈਂਟ ਨੂੰ ਚਾਹੇ ਕਲੱਬ ਕਰ ਦਿੱਤਾ ਗਿਆ ਹੈ, ਜਦੋਂਕਿ ਓਵਰ ਕਵਰੇਜ ਦੇ ਮਾਮਲੇ ਵਿਚ ਕਾਰਵਾਈ ਸਿਰਫ ਨੋਟਿਸ ਜਾਰੀ ਕਰਨ ਤੱਕ ਹੀ ਸੀਮਤ ਹੈ ਜਿਸ ਕਰਨ ਥੱਲਿਓਂ ਉੱਪਰ ਤੱਕ ਦੇ ਅਧਿਕਾਰੀਆਂ ਦੀ ਮਿਲੀਭੁਗਤ ਸਾਹਮਣੇ ਆਈ ਹੈ। ਇਸ ਇਮਾਰਤ ਦੀ ਉਸਾਰੀ ਦੌਰਾਨ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼ ਵੀ ਲਗ ਰਹੇ ਹਨ ਕਿਉਂਕਿ ਇਸ ਦੇ ਫਰੰਟ 'ਤੇ ਸਿੰਚਾਈ ਵਿਭਾਗ ਦੀ ਜ਼ਮੀਨ ਹੈ ਅਤੇ ਸਾਈਡ 'ਤੇ ਸੂਆ ਰੋਡ ਹੈ ਜਿਸ ਸਬੰਧੀ ਇਲਾਕੇ ਦੇ ਲੋਕਾਂ ਵੱਲੋਂ ਨਗਰ ਨਿਗਮ ਦੇ ਖਿਲਾਫ ਪ੍ਰਦਰਸ਼ਨ ਵੀ ਕੀਤਾ ਗਿਆ ਹੈ। ਉੱਧਰ, ਇਸ ਰੋਡ ਨੂੰ ਕਮਰਸ਼ੀਅਲ ਡਿਕਲੇਅਰ ਕਰਨ ਦੇ ਲਈ ਨਗਰ ਨਿਗਮ ਵੱਲੋਂ ਜਾਰੀ ਨੋਟਿਸ ਵਿਚ ਸੜਕ ਦੀ ਚੌੜਾਈ ਵਧਾ ਕੇ 60 ਫੁੱਟ ਕਰਨ ਦਾ ਜ਼ਿਕਰ ਕੀਤਾ ਗਿਆ ਹੈ ਪਰ ਸਾਈਟ 'ਤੇ ਇਮਾਰਤ ਦੇ ਮਾਲਕ ਵੱਲੋਂ ਸੜਕ ਕੰਢੇ ਚਾਰਦੀਵਾਰੀ ਕਰ ਲਈ ਗਈ ਹੈ ਜਿਸ ਦੇ ਕੁਝ ਹਿੱਸੇ ਨੂੰ ਤੋੜਨ ਦਾ ਡਰਾਮਾ ਨਗਰ ਨਿਗਮ ਦੀ ਟੀਮ ਵੱਲੋਂ ਕੀਤਾ ਗਿਆ ਹੈ। ਸਿੱਧਵਾਂ ਨਹਿਰ ਕੰਢੇ ਪੁਸ਼ਪ ਵਿਹਾਰ ਦੇ ਬਾਹਰ ਬਣ ਰਹੀ ਵਿਵਾਦਿਤ ਇਮਾਰਤ ਦਾ ਮੁੱਦਾ ਪਿਛਲੇ ਦਿਨੀਂ ਹੋਈ ਵਿਧਾਨ ਸਭਾ ਦੀ ਲੋਕਲ ਬਾਡੀ ਕਮੇਟੀ ਦੀ ਬੈਠਕ ਦੌਰਾਨ ਵੀ ਛਾਇਆ ਰਿਹਾ ਸੀ। ਉਸ ਸਮੇਂ

ਚੇਅਰਮੈਨ ਗੁਰਪ੍ਰੀਤ ਗੋਗੀ ਵੱਲੋਂ ਕਮਿਸ਼ਨਰ ਨੂੰ ਇਕ ਘੰਟੇ ਦੇ ਅੰਦਰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਜਿਸ ਕਾਰਨ ਇਸ ਇਮਾਰਤ ਦੀ ਉਸਾਰੀ ਨਗਰ ਨਿਗਮ ਅਧਿਕਾਰੀਆਂ ਦੇ ਗਲੇ ਦਾ ਫਾਹਾ ਬਣ ਗਈ ਅਤੇ ਕਈ ਦਿਨਾਂ ਬਾਅਦ ਉਨ੍ਹਾਂ ਵੱਲੋਂ ਕਾਰਵਾਈ ਦੇ ਨਾਮ ਤੇ ਖਾਨਾਪੂਰਤੀ ਕੀਤੀ ਗਈ ਹੈ। ਹਾਲਾਂਕਿ ਇਸ ਤੋਂ ਇਹ ਸਾਬਤ ਹੋ ਗਿਆ ਹੈ ਕਿ ਸੂਆ ਰੋਡ ਵੱਲ ਕੀਤੀ ਗਈ ਚਾਰਦੀਵਾਰੀ ਦੀ ਆੜ ਵਿਚ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਗਿਆ ਹੈ। ਇਸ ਸਬੰਧੀ ਐੱਮ.ਟੀ.ਪੀ. ਸੰਜੇ ਕੰਵਰ ਨੇ ਕਿਹਾ ਕਿ ਇਸ ਇਮਾਰਤ ਦੇ ਮਾਲਕਾਂ ਵੱਲੋਂ ਰਿਵਾਇਜ਼ ਨਕਸ਼ਾ ਜਮ੍ਹਾ ਕਰਵਾਇਆ ਗਿਆ ਹੈ ਜਿਸ ਸਬੰਧੀ ਰਿਪੋਰਟ ਮੰਗੀ ਗਈ ਹੈ ਕਿ ਪਲਾਟ ਸਾਈਜ਼ ਦੇ ਹਿਸਾਬ ਨਾਲ ਬਾਇਲਾਜ ਦੇ ਮੁਤਾਬਕ ਉਸਾਰੀ ਹੋ ਰਹੀ ਹੈ ਜਾਂ ਨਹੀਂ, ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਇਮਾਰਤੀ ਸ਼ਾਖਾ ਦੇ ਸਟਾਫ ਤੋਂ ਸਾਈਟ 'ਤੇ ਸਰਕਾਰੀ ਜ਼ਮੀਨ 'ਤੇ ਕੋਈ ਕਬਜ਼ਾ ਨਾ ਹੋਣ ਦਾ ਸਰਟੀਫਿਕੇਟ ਲੈਣ ਤੋਂ ਬਾਅਦ ਹੀ ਨਕਸ਼ਾ ਪਾਸ ਕਰਨ ਦਾ ਫੈਸਲਾ ਕੀਤਾ ਜਾਵੇਗਾ।

ਕਾਰ ਅਤੇ ਟਰੱਕ ਵਿਚਾਲੇ ਜਬਰਦਸਤ ਟੱਕਰ

ਜੈਪੁਰ 9 ਅਗਸਤ। ਰਾਜਸਥਾਨ ਦੇ ਸਵਾਈਮਾਧੋਪੁਰ ਜ?ਿਲ੍ਹੇ ਦੇ ਸੁਰਵਾਲ ਥਾਣਾ ਖੇਤਰ ਵਿਚ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਐਤਵਾਰ ਸਵੇਰੇ ਇਕ ਕਾਰ ਦੇ ਟਰੱਕ ਨਾਲ ਟਕਰਾ ਜਾਣ ਕਾਰਨ ਉਸ ਵਿਚ ਸਵਾਰ ਭਰਾ-ਭੈਣ ਸਮੇਤ 4 ਲੋਕਾਂ ਦੀ ਮੌਤ ਹੋ ਗਈ ਅਤੇ 6 ਹੋਰ ਲੋਕ ਜਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਤ੍ਰਿਲੋਕਪੁਰਾ ਪਿੰਡ ਨੇੜੇ ਹੋਏ ਇਸ ਭਿਆਨਕ ਹਾਦਸੇ ਵਿਚ ਕਾਰ ਸਵਾਰ ਰਾਜਨ (22), ਉਸ ਦੀ ਭੈਣ ਮੋਨਿਕਾ (24), ਰੇਖਾ (42), ਅਤੇ ਧਾਪੂ ਦੇਵੀ (65) ਦੀ ਮੌਕੇ 'ਤੇ ਮੌਤ ਹੋ ਗਈ। ਜਦਕਿ 6 ਹੋਰ ਲੋਕ ਜਖਮੀ ਹੋ ਗਏ। ਇਕ ਪੁਲਸ ਅਧਿਕਾਰੀ ਮੁਤਾਬਕ ਕਾਰ ਵਿਚ ਸਵਾਰ ਸਾਰੇ ਲੋਕ ਮੱਧ ਪ੍ਰਦੇਸ਼ ਦੇ ਵਿਕ੍ਰਮਗੜ੍ਹ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਦੱਸਿਆ ਕਿ ਜਖਮੀਆਂ ਨੂੰ ਸਥਾਨਕ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜਿਆ ਗਿਆ ਹੈ। ਅਧਿਕਾਰੀ ਮੁਤਾਬਕ ਹਾਦਸੇ ਮਗਰੋਂ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ।

ਮਾਂ ਦੀ ਮੌਤ ਮਗਰੋਂ ਮਾਨਸਿਕ ਤੌਰ 'ਤ

ਸਕੋਡਾ ਗੱਡੀ ਤੇ ਮੋਟਰਸਾਈਕਲਾਂ ਦੀ ਟੱਕਰ

ਗੁਰੂਹਰਸਹਾਏ 9 ਅਗਸਤ। ਗੁਰੂਹਰਸਹਾਏ ਅਧੀਨ ਆਉਂਦੀ ਬਸਤੀ ਲਾਭ ਸਿੰਘ ਵਾਲੀ ਵਿਖੇ ਸਕੋਡਾ ਗੱਡੀ ਅਤੇ ਮੋਟਰਸਾਈਕਲ ਦੀ ਟੱਕਰ ਵਿਚ ਦੋ ਵਿਅਕਤੀ ਜ਼ਖਮੀਂ ਹੋ ਗਏ ਸੀ ਜਿਨ੍ਹਾਂ ਵਿਚੋਂ ਇਕ ਦੀ ਇਲਾਜ ਦੌਰਾਨ ਮੌਤ ਗਈ, ਜਦ ਕਿ ਦੂਜਾ ਇਲਾਜ ਅਧੀਨ ਹੈ। ਇਸ ਸਬੰਧ ਵਿਚ ਥਾਣਾ ਗੁਰੂਹਰਸਹਾਏ ਪੁਲਸ ਨੇ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮਨਜੀਤ ਕੌਰ ਪਤਨੀ ਸਵ. ਮੰਗਤ ਸਿੰਘ ਵਾਸੀ ਬਸਤੀ ਗੋਬਿੰਦਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਦਾ ਪਤੀ ਮੰਗਤ ਸਿੰਘ, ਸਹੁਰਾ ਟਹਿਲ ਸਿੰਘ ਅਤੇ ਜਵਾਈ ਪੂਰਨ ਸਿੰਘ ਪੁੱਤਰ ਪਾਲਾ ਵਾਸੀ ਜੰਡ ਵਾਲਾ ਨਾਲ 2 ਮੋਟਰਸਾਈਕਲਾਂ 'ਤੇ ਦਵਾਈ ਲੈਣ ਲਈ ਗੁਰੂਹਰਸਹਾਏ ਜਾ ਰਹੇ ਸੀ। ਜਦ ਉਹ ਬਸਤੀ ਲਾਭ ਸਿੰਘ ਪਾਸ ਪੁੱਜੇ ਤਾਂ ਪਿੱਛੋਂ ਇਥ ਸਕੋਡਾ ਗੱਡੀ ਨੰਬਰ ਡੀਐੱਲ 12 ਸੀ ਕੇ 5330 ਨੇ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਗੱਡੀ ਉਸ ਦੇ ਪਤੀ ਮੰਗਤ ਸਿੰਘ ਦੇ ਮੋਟਰਸਾਈਕਲ ਵਿਚ ਮਾਰੀ। ਜਿਸ ਕਾਰਨ ਉਸ ਦੇ ਪਤੀ ਮੰਗਤ ਸਿੰਘ ਤੇ ਸਹੁਰਾ ਟਹਿਲ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ, ਜੋ ਸਕੋਡਾ ਗੱਡੀ ਦੇ ਡਰਾਈਵਰ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦੀ ਗੱਡੀ ਸ਼ੇਰ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀ ਬਸਤੀ ਲਾਭ ਸਿੰਘ ਦੇ ਘਰ ਦੀ ਬਾਹਰਲੀ ਦੀਵਾਰ ਨਾਲ ਟਕਰਾ ਕੇ ਮੁੱਧੀ ਹੋ ਗਈ ਤੇ ਉਸ ਦੇ ਜਵਾਈ ਪੂਰਨ ਸਿੰਘ ਨੇ ਭੱਜ ਕੇ ਗੱਡੀ ਦੇ ਡਰਾਈਵਰ ਬਿਕਰਮਜੀਤ ਪੁੱਤਰ ਪ੍ਰਸ਼ੋਤਮ ਲਾਲ ਵਾਸੀ ਮੁਕਤਸਰ ਰੋਡ ਗੁਰੂਹਰਸਹਾਏ ਨੂੰ ਕਾਬੂ ਕਰਨਾ ਚਾਹਿਆ, ਜਿਸ ਨੇ ਡਰਾਉਣ ਖਾਤਰ ਹਵਾਈ ਫਾਇਰ ਕੀਤੇ 'ਤੇ ਮੌਕੇ ਤੋਂ ਭੱਜ ਗਿਆ। ਮਨਜੀਤ ਕੌਰ ਨੇ ਦੱਸਿਆ ਕਿ ਉਸ ਦੇ ਪਤੀ ਮੰਗਤ ਸਿੰਘ ਤੇ ਸਹੁਰੇ ਟਹਿਲ ਸਿੰਘ ਨੂੰ ਇਲਾਜ ਲਈ ਪੀਜੀਆਈ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਦੌਰਾਨੇ ਇਲਾਜ ਮੰਗਤ ਸਿੰਘ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਉਕਤ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

ਨਿਹਾਲ ਸਿੰਘ ਵਾਲਾ 'ਚ ਖੂਨੀ ਝੜਪ, ਚੱਲੀਆਂ ਗੋਲੀਆਂ

ਨਿਹਾਲ ਸਿੰਘ ਵਾਲਾ 9 ਅਗਸਤ। ਲੰਘੀਂ ਰਾਤ ਨਿਹਾਲ ਸਿੰਘ ਵਾਲਾ ਸ਼ਹਿਰ ਅੰਦਰ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ 20-25 ਅਣਪਛਾਤੇ ਵਿਅਕਤੀਆਂ ਨੇ ਸ਼ਹਿਰ ਵਿਚ ਰੇਹੜੀ ਅਤੇ ਫਰੂਟਾਂ ਦਾ ਕੰਮ ਕਰਦੇ ਪ੍ਰਵਾਸੀ ਮਜਦੂਰਾਂ 'ਤੇ ਹਮਲਾ ਕਰ ਦਿੱਤਾ। ਇਸ ਮੌਕੇ ਡਾਂਗਾਂ, ਸੋਟਿਆਂ, ਕ੍ਰਿਪਾਨਾਂ ਦੀ ਖੁੱਲ੍ਹ ਕੇ ਵਰਤੋਂ ਹੋਈ ਅਤੇ ਗੋਲੀਆਂ ਵੀ ਚੱਲੀਆਂ, ਵਾਰਦਾਤ ਵਿਚ ਤਿੰਨ ਵਿਅਕਤੀ ਜਖਮੀ ਹੋ ਗਏ ਜਦਕਿ ਇਕ ਵਿਅਕਤੀ ਗੋਲੀ ਲੱਗਣ ਨਾਲ ਗੰਭੀਰ ਜਖਮੀ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ ਦਾਖਲ ਕਰਵਾਇਆ ਗਿਆ ਹੈ। ਮੌਕੇ ਦੇ ਗਵਾਹ ਪ੍ਰਵਾਸੀ ਮਜਦੂਰ ਮਨੋਜ ਅਤੇ ਅਨੰਦ ਨੇ ਦੱਸਿਆ ਕਿ ਰਾਤ 20-25 ਦੇ ਕਰੀਬ ਅਣਪਛਾਤੇ ਵਿਅਕਤੀਆਂ ਜਿਨ੍ਹਾਂ ਮਾਰੂ ਹਥਿਆਰ ਸਨ ਨੇ ਸਾਡੇ ਸਾਥੀਆਂ 'ਤੇ ਹਮਲਾ ਕਰ ਦਿੱਤਾ ਅਤੇ ਗੋਲੀਆਂ ਚਲਾ ਦਿੱਤੀਆਂ। ਗੋਲੀ ਲੱਗਣ ਨਾਲ ਬਿਰਜੂ ਪੁੱਤਰ ਬ੍ਰਹਮ ਲਾਲ ਗੰਭੀਰ ਜਖਮੀ ਹੋ ਗਿਆ ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਮੋਗਾ ਵਿਖੇ ਲਿਜਾਇਆ ਗਿਆ ਪਰ ਉਸਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ। ਜਖਮੀ ਬਿਰਜੂ ਦੀ ਪਤਨੀ ਰਾਜ ਰਾਣੀ ਨੇ ਦੱਸਿਆ ਕਿ ਉਸਦੇ ਪਤੀ ਦੇ

ਗੋਲੀ ਲੱਗੀ ਹੈ ਅਤੇ ਉਸਦੇ ਲੜਕੇ ਦੇ ਗੰਭੀਰ ਸੱਟਾਂ ਹਨ। ਇਸ ਤੋਂ ਇਲਾਵਾ ਇਕ ਹੋਰ ਵਿਅਕਤੀ ਦੀ ਵੀ ਕੁੱਟਮਾਰ ਕੀਤੀ ਗਈ ਹੈ। ਪ੍ਰਵਾਸੀ ਮਜਦੂਰ ਕੱਲੂ ਰਾਮ ਨੇ ਦੱਸਿਆ ਕਿ ਉਸ ਦੇ ਘਰ ਦੇ ਮੁੱਖ ਗੇਟ ਦੀ ਵੀ ਕਥਿਤ ਦੋਸੀਆਂ ਨੇ ਭੰਨਤੋੜ ਕੀਤੀ ਪਰ ਗੇਟ ਦਾ ਅੰਦਰੋਂ ਜਿੰਦਰਾ ਲਗਾਇਆ ਹੋਣ ਕਾਰਨ ਗੇਟ ਨਹੀਂ ਖੁੱਲਿਆਂ ਨਹੀਂ ਤਾਂ ਪਰਿਵਾਰ ਦਾ ਵੀ ਨੁਕਸਾਨ ਹੋ ਸਕਦਾ ਸੀ। ਘਟਨਾਂ ਦੀ ਜਾਂਚ ਕਰ ਰਹੇ ਡੀ. ਐੱਸ. ਪੀ. ਨਿਹਾਲ ਸਿੰਘ ਵਾਲਾ ਪਰਮਜੀਤ ਸਿੰਘ ਨੇ ਇਸ ਘਟਨਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਕਾਨੇਰ ਸਵੀਟਸ ਕੋਲ ਪ੍ਰਭਜੋਤ, ਤੇਜੀ ਅਤੇ ਗੁਰੀ ਜੋ ਕਿ ਮੋਟਰਸਾਈਕਲ 'ਤੇ ਸਨ ਅਤੇ ਮੋਟਰਸਾਈਕਲ ਦਾ ਟਾਇਰ ਕਰਮੇ ਨਾਮ ਦੇ ਨੌਜਵਾਨ ਦੇ ਪੈਰ 'ਤੇ ਚੜ੍ਹ ਗਿਆ ਜਿਸ ਤੋਂ ਬਾਅਦ ਹੋਏ ਝਗੜੇ ਵਿਚ ਕਰਮੇ ਗਰੁੱਪ ਨੇ ਦੂਸਰੇ ਗਰੁੱਪ ਦੀ ਕੁੱਟਮਾਰ ਕੀਤੀ। ਇਸ ਘਟਨਾਂ ਤੋਂ ਬਾਅਦ ਦੂਸਰੇ ਗਰੁੱਪ ਨੇ ਆਪਣੇ ਹੋਰ ਸਾਥੀ ਨਿਹਾਲ ਸਿੰਘ ਵਾਲਾ ਅਤੇ ਬਾਘਾ ਪੁਰਾਣਾ ਤੋਂ ਮੰਗਵਾ ਕੇ ਕਰਮੇ ਗਰੁੱਪ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੀ ਕੁੱਟਮਾਰ ਕੀਤੀ। ਇਨ੍ਹਾਂ ਨੂੰ ਛੁਡਾ ਰਹੇ ਰਾਹਗੀਰ ਬਿਰਜੂ ਨਾਮ ਦੇ ਵਿਅਕਤੀ 'ਤੇ ਗੋਲੀ ਚਲਾ ਦਿੱਤੀ ਜੋ ਕਿ ਉਸ ਦੀ ਲੱਤ ਵਿਚ ਲੱਗੀ। ਉਨ੍ਹਾਂ ਕਿਹਾ ਕਿ ਘਟਨਾਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸੀਆਂ ਨੂੰ ਜਲਦ ਗ੍ਰਿਫਤਾਰ ਕਰ ਲਿਆ ਜਾਵੇਗਾ।

ਟਿਊਬਵੈੱਲ ਦਾ ਕੁਨੈਕਸ਼ਨ ਦੇਣ ਲਈ ਮੰਗੀ ਸੀ 20,000 ਰੁਪਏ ਰਿਸ਼ਵਤ, ਵਿਜੀਲੈਂਸ ਬਿਊਰੋ ਨੇ ਰੰਗੇ ਹੱਥੀਂ ਕੀਤਾ ਕਾਬੂ

ਬਠਿੰਡਾ/ਜੈਤੋ/ਚੰਡੀਗੜ੍ਹ/ਜਲੰਧਰ 9 ਅਗਸਤ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿਚ ਭ੍ਰਿਸਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਮੌੜ, ਜ਼ਿਲ੍ਹਾ ਬਠਿੰਡਾ ਵਿਖੇ ਪੀ.ਐੱਸ.ਪੀ.ਸੀ.ਐੱਲ. ਦਫਤਰ ਦੇ ਇਕ ਨਿੱਜੀ ਠੇਕੇਦਾਰ ਅੰਮ੍ਰਿਤ ਪਾਲ ਉਰਫ਼ ਕੱਦੂ ਨੂੰ ਪੀ.ਐੱਸ.ਪੀ.ਸੀ.ਐੱਲ. ਗਰਿੱਡ ਮੌੜ ਤੋਂ 20,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੁੱਤੀਵਾਲ ਖੁਰਦ ਦੀ ਵਸਨੀਕ ਨਿੱਕੀ ਕੌਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੋਸ਼ ਲਾਇਆ ਕਿ ਉਕਤ ਮੁਲਜਮ ਨੇ ਉਸ ਦੀ ਵਾਹੀਯੋਗ ਜਮੀਨ ਦਾ ਟਿਊਬਵੈੱਲ ਕੁਨੈਕਸਨ ਦਿਵਾਉਣ ਬਦਲੇ 80,000 ਰੁਪਏ ਰਿਸਵਤ ਦੀ ਮੰਗ ਕੀਤੀ ਸੀ। ਮੁਲਜਮ ਨੇ ਪੇਸ਼ਗੀ ਵਜੋਂ 30,000 ਰੁਪਏ ਅਤੇ ਬਾਕੀ ਪੈਸੇ ਬਿਜਲੀ ਕੁਨੈਕਸਨ ਲੱਗਣ ਤੋਂ ਬਾਅਦ ਦੇਣ ਲਈ ਕਿਹਾ। ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਠੇਕੇਦਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 20,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਤੇ ਮੁਕੱਦਮਾ ਦਰਜ ਕਰ ਲਿਆ।

ਅਮਰੂਦ ਤੋੜ ਕੇ ਖਾਣ 'ਤੇ ਧਨਾਢ ਵਿਅਕਤੀ ਨੇ ਨਾਬਾਲਗ ਬੱਚੇ ਨੂੰ ਕੁੱਟਿਆ

ਤਪਾ ਮੰਡੀ 9 ਅਗਸਤ। ਸਬ-ਡਵੀਜਨਲ ਹਸਪਤਾਲ ਤਪਾ 'ਚ ਦਾਖਲ ਪਿੰਡ ਕਾਹਨੇਕੇ ਦੇ ਖੇਤ 'ਚੋਂ ਅਮਰੂਦ ਤੋੜਕੇ ਖਾਣ ਦੇ ਦੋਸ਼ 'ਚ ਇਕ ਨਾਬਾਲਗ ਬੱਚੇ ਨੂੰ ਘੇਰਕੇ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜੇਰੇ ਇਲਾਜ ਕੁਲਦੀਪ ਸਿੰਘ ਨਾਬਾਲਗ ਬੱਚੇ ਦੇ ਪਿਤਾ ਪੁੱਤਰ ਗੁਰਸੇਵਕ ਸਿੰਘ ਵਾਸੀ ਕਾਹਨੇਕੇ ਨੇ ਦੱਸਿਆ ਕਿ ਮੇਰਾ ਬੱਚਾ ਸਰਕਾਰੀ ਪ੍ਰਾਈਮਰੀ ਸਕੂਲ ਕਾਹਨੇਕੇ ਦੀ ਸੱਤਵੀਂ ਕਲਾਸ 'ਚ ਪੜ੍ਹਦਾ ਹੈ। ਬੀਤੇ ਦਿਨੀਂ ਸਵੇਰੇ 9 ਵਜੇ ਪੈਦਲ ਤੁਰਕੇ ਮੇਰਾ ਬੱਚਾ ਸਕੂਲ ਗਰਾਊਂਡ 'ਚ ਖੇਡਣ ਚਲਾ ਗਿਆ। ਮੈਂ ਅਪਣੇ ਘਰੋਂ ਲੜਕੇ ਨੂੰ ਲੈਣ ਲਈ ਗਿਆ ਤਾਂ ਸਕੂਲ ਦੇ ਨੇੜੇ ਪਿੰਡ ਦੇ ਇਕ ਧਨਾਢ ਵਿਅਕਤੀ ਦੌੜ ਕੇ ਆਇਆ ਅਤੇ ਮੇਰੇ ਲੜਕੇ ਨੂੰ ਘੇਰ ਕੇ ਨਾਜਾਇਜ ਕੁੱਟਮਾਰ ਕਰਕੇ ਘੜੀਸਕੇ ਸਕੂਲ ਨਜਦੀਕ ਲੈ ਗਿਆ। ਕੁੱਟਮਾਰ

ਕਾਰਨ ਬੇਹੋਸ਼ ਹੋਏ ਬੱਚੇ ਦੇ ਗੁੱਝੀਆਂ ਸੱਟਾਂ ਲੱਗਣ ਕਾਰਨ ਉਹ ਸਹਿਮ ਗਿਆ। ਲੜਕੇ ਦੀਆਂ ਚੀਕਾਂ ਰੌਲਾ ਸੁਣ ਕੇ ਰਾਹਗੀਰ ਆ ਗਏ ਤਾਂ ਉਸ ਨੇ ਮੇਰੇ ਲੜਕੇ ਨੂੰ ਛੱਡ ਦਿੱਤਾ। ਉਸ ਨੇ ਦੱਸਿਆ ਕਿ ਬੱਚੇ ਦਾ ਕਸੂਰ ਸਿਰਫ ਇਹ ਸੀ ਕਿ ਉਸ ਨੇ ਧਨਾਢ ਵਿਅਕਤੀ ਦੇ ਖੇਤ 'ਚ ਲੱਗੇ ਬੂਟੇ ਤੋਂ ਅਮਰੂਦ ਤੋੜਕੇ ਖਾਧੇ ਸ। ਧਨਾਢ ਵਿਅਕਤੀ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਅਤੇ ਗਾਲੀ ਗਲੋਚ ਵੀ ਕੀਤੀ। ਸੱਟਾਂ ਲੱਗਣ ਕਾਰਨ ਬੱਚੇ ਨੂੰ ਸਿਵਲ ਹਸਪਤਾਲ ਤਪਾ 'ਚ ਦਾਖਲ ਕਰਵਾਇਆ ਗਿਆ ਜਿਸ ਦਾ ਇਲਾਜ ਚੱਲ ਰਿਹਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਰੂਕਾ ਕੱਟ ਕੇ ਪੁਲਸ ਸਟੇਸ਼ਨ ਰੂੜੇਕੇ ਕਲਾਂ ਵਿਖੇ ਭੇਜ ਦਿੱਤਾ ਗਿਆ ਹੈ। ਥਾਣੇਦਾਰ ਬਲਵਿੰਦਰ ਕੁਮਾਰ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਬੱਚੇ ਦੇ ਬਿਆਨ ਕਲਮਬੱਧ ਕਰ ਕੇ ਜਗਸੀਰ ਸਿੰਘ ਵਾਸੀ ਕਾਹਨੇਕੇ ਖ਼ਿਲਾਫ ਥਾਣਾ ਰੂੜੇਕੇ ਕਲਾਂ ਵਿਖੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਸਮੇਜ ਪੁਲ ਨੇੜੇ ਬੱਦਲ ਫਟਣ ਕਾਰਨ 13 ਲੋਕਾਂ ਦੀ ਮੌਤਾਂ, ਬਚਾਅ ਕਾਰਜ ਜਾਰੀ

ਸਮੇਜ 9 ਅਗਸਤ। ਹਿਮਾਚਲ ਪ੍ਰਦੇਸ ਦੇ ਸ੍ਰੀਖੰਡ ਨੇੜੇ ਬੁੱਧਵਾਰ ਰਾਤ ਸਮੇਜ ਅਤੇ ਬਾਗੀ ਪੁਲ 'ਤੇ ਬੱਦਲ ਫਟ ਗਿਆ, ਜਿਸ ਕਾਰਨ 45 ਲੋਕ ਰੁੜ੍ਹ ਗਏ। ਆਫਤ ਪ੍ਰਭਾਵਿਤ ਖੇਤਰ 'ਚ ਬਚਾਅ ਕਾਰਜ ਜਾਰੀ ਹਨ। ਨੈਸਨਲ ਡਿਜਾਸਟਰ ਰਿਸਪਾਂਸ ਫੋਰਸ () ਦੀ 14ਵੀਂ ਬਟਾਲੀਅਨ ਦੇ ਕਮਾਂਡੈਂਟ ਬਲਜਿੰਦਰ ਸਿੰਘ ਨੇ ਕਿਹਾ ਕਿ ਬਚਾਅ ਕਾਰਜਾਂ 'ਚ ਕੋਈ ਦੇਰੀ ਨਾ ਹੋਵੇ ਇਸ ਲਈ ਇਸ ਸਾਲ ਦੀਆਂ ਟੀਮਾਂ ਨੂੰ ਹਿਮਾਚਲ ਪ੍ਰਦੇਸ 'ਚ ਪੂਰੀ ਤਰ੍ਹਾਂ ਤਿਆਰ ਕਰ ਕੇ ਭੇਜਿਆ ਗਿਆ ਸੀ। ਬਲਜਿੰਦਰ ਸਿੰਘ ਨੇ ਕਿਹਾ ਕਿ ਇਸ ਸਾਲ ਟੀਮਾਂ ਨੂੰ ਹਿਮਾਚਲ ਪ੍ਰਦੇਸ ਵਿਚ ਦੂਰ-ਦੁਰਾਡੇ ਦੇ ਸਥਾਨਾਂ 'ਤੇ ਭੇਜਿਆ ਗਿਆ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਚਾਅ ਕਾਰਜਾਂ ਵਿਚ ਕੋਈ ਦੇਰੀ ਨਾ ਹੋਵੇ। ਸਮੇਜ ਵਿਚ ਬੱਦਲ ਫਟਣ ਨਾਲ ਇਕ ਵੱਡੀ ਤਬਾਹੀ ਹੋਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵੀਰਵਾਰ ਸਵੇਰ ਤੱਕ 13 ਲਾਸਾਂ ਬਰਾਮਦ ਕੀਤੀਆਂ ਗਈਆਂ ਹਨ। ਸਿੰਘ ਮੁਤਾਬਕ ਅਸੀਂ ਹੁਣ ਤੱਕ 13 ਲਾਸਾਂ ਬਰਾਮਦ ਕੀਤੀਆਂ ਹਨ। 10 ਹੋਰ ਲੋਕ ਲਾਪਤਾ ਦੱਸੇ ਜਾ ਰਹੇ ਹਨ। ਅਸੀਂ ਬਚਾਅ ਕਾਰਜਾਂ ਨੂੰ ਯਕੀਨੀ ਬਣਾਵਾਂਗੇ। ਇਸ ਤੋਂ ਪਹਿਲਾਂ 7 ਅਗਸਤ ਨੂੰ ਨੇ ਸੂਬੇ 'ਚ ਮੋਹਲੇਧਾਰ ਮੀਂਹ ਪੈਣ ਦੀ ਚਿਤਾਵਨੀ ਦਿੱਤੀ ਸੀ, ਜਿਸ 'ਚ ਮੰਡੀ ਜ਼ਿਲ੍ਹੇ ਦੇ ਜੋਗਿੰਦਰ ਨਗਰ ਵਿਚ 24 ਘੰਟਿਆਂ ਵਿਚ ਸਭ ਤੋਂ ਵੱਧ 110 ਮਿਲੀਮੀਟਰ ਮੀਂਹ ਪਿਆ। ਪਿਛਲੇ 24 ਘੰਟਿਆਂ ਵਿਚ ਲਗਭਗ 75 ਫੀਸਦੀ ਖੇਤਰਾਂ ਵਿਚ 30 ਮਿਲੀਮੀਟਰ ਤੋਂ 50 ਮਿਲੀਮੀਟਰ ਤੱਕ ਮੀਂਹ ਪਿਆ ਹੈ। ਨੇ ਹੇਠਲੇ ਹਿਮਾਲੀਅਨ ਜ਼ਿਲ੍ਹਿਆਂ ਬਿਲਾਸਪੁਰ, ਹਮੀਰਪੁਰ, ਕਾਂਗੜਾ, ਚੰਬਾ ਅਤੇ ਮੰਡੀ ਲਈ ਆਰੇਂਜ ਅਲਰਟ ਜਾਰੀ ਕੀਤਾ ਹੈ।

ਸੋਸ਼ਲ ਮੀਡੀਆ 'ਤੇ ਭੜਕਾਊ ਪੋਸਟਾਂ ਪਾਉਣ ਵਾਲਾ ਹਿਮਾਚਲ ਤੋਂ ਗ੍ਰਿਫਤਾਰ

ਪਟਿਆਲਾ 9 ਅਗਸਤ। ਸੋਸ਼ਲ ਮੀਡੀਆ 'ਤੇ ਭੜਕਾਊ ਪੋਸਟਾਂ ਪਾਉਣ ਵਾਲੇ ਵਿਅਕਤੀ ਨੂੰ ਸੀ.ਆਈ.ਏ. ਸਟਾਫ ਪਟਿਆਲਾ ਦੇ ਇੰਚਾਰਜ ਇੰਸਪੈਕਟਰ ਸ਼ਮਿੰਦਰ ਸਿੰਘ ਅਤੇ ਥਾਣਾ ਕੋਤਵਾਲੀ ਦੇ ਐੱਸ. ਐੱਚ. ਓ. ਇੰਸ: ਹਰਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਹਿਮਾਚਲ ਤੋਂ ਗ੍ਰਿਫਤਾਰ ਕਰ ਲਿਆ ਹੈ। ਇਸ ਦੀ ਪੁਸ਼ਟੀ ਕਰਦਿਆਂ ਐੱਸ. ਐੱਸ. ਪੀ. ਨਾਨਕ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਦੀ ਗ੍ਰਿਫਤਾਰੀ ਲਈ ਐੱਸ. ਪੀ. ਸਿਟੀ ਮੁਹੰਮਦ ਸਰਫਰਾਜ਼ ਆਲਮ, ਐੱਸ. ਪੀ. ਇਨਵੈਸਟੀਗੇਸ਼ਨ ਯੋਗੇਸ਼ ਸ਼ਰਮਾ, ਡੀ. ਐੱਸ. ਪੀ. ਡੀ. ਅਵਤਾਰ ਸਿੰਘ, ਸੀ. ਆਈ. ਏ. ਸਟਾਫ ਪਟਿਆਲਾ ਦੇ ਇੰਚਾਰਜ ਇੰਸਪੈਕਟਰ ਸ਼ਮਿੰਦਰ ਸਿੰਘ ਅਤੇ ਥਾਣਾ ਕੋਤਵਾਲੀ ਦੇ ਐੱਸ. ਐੱਚ. ਓ. ਇੰਸ: ਹਰਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਟੀਮ ਦਾ ਗਠਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਕ ਵਿਅਕਤੀ ਵੱਲੋਂ ਇਕ ਫਿਰਕੇ ਖਿਲਾਫ ਸੋਸ਼ਲ ਮੀਡੀਆ 'ਤੇ ਭੜਕਾਊ ਪੋਸਟਾਂ ਅਪਲੋਡ ਕੀਤੀਆਂ ਸਨ, ਜਿਸ ਨਾਲ ਇਕ ਫਿਰਕੇ ਲੋਕਾਂ ਦੀਆਂ ਭਾਵਨਾਵਾਂ ਨੂੰ

ਠੇਸ ਪਹੁੰਚੀ। ਜਦੋਂ ਟੀਮ ਨੇ ਤਫਤੀਸ਼ ਕੀਤੀ ਤਾਂ ਇਸ ਮਾਮਲੇ 'ਚ ਸਰਬਜੀਤ ਸਿੰਘ ਉਖਲਾ ਪੁੱਤਰ ਮਹਿੰਦਰ ਸਿੰਘ ਵਾਸੀ ਆਨੰਦ ਨਗਰ ਬੀ ਨੂੰ ਸੋਲਨ ਨਾਹਨ ਰੋਡ ਧਰਮਪੁਰ ਹਿਮਾਂਚਲ ਪ੍ਰਦੇਸ਼ ਤੋਂ ਗ੍ਰਿਫਤਾਰ ਕਰ ਲਿਆ ਗਿਆ। ਐੱਸ. ਐੱਸ. ਪੀ. ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਵਿਅਕਤੀ ਖਿਲਾਫ ਥਾਣਾ ਲਾਹੌਰੀ ਗੇਟ ਵਿਖੇ ਇਸ ਤਰ੍ਹਾਂ ਦਾ ਹੀ ਇਕ ਕੇਸ ਦਰਜ ਹੈ, ਜਿਸ ਵਿਚ ਇਸ ਨੇ ਇਕ ਕਿਤਾਬ ਲਿਖੀ ਸੀ, ਜਿਸ 'ਚ ਇਤਰਾਜਯੋਗ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਕੇਸ 'ਚ ਵੀ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਐਮਾਜ਼ੋਨ, ਫਲਿਪਕਾਰਡ ਅਤੇ ਹੋਰ ਆਨਲਾਈਨ ਵੈੱਬਸਾਈਟਾਂ ਤੋਂ ਬੈਨ ਕਰਵਾਉਣ ਸਬੰਧੀ ਵੀ ਕਾਰਵਾਈ ਕੀਤੀ ਗਈ ਹੈ

ਰੁੱਖ ਲਗਾ ਹਾਣੀਆਂ ਫਿਰ ਅੰਬਰੋਂ ਬਰਸੂ ਜਲ ਵੇ

• ਅਮਰਜੀਤ ਢਿੱਲੋਂ ਦਬਡ਼ੀਖ਼ਾਨਾ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਇਕ ਬੋਰਡ 'ਤੇ ਚੀਨੀ ਕਹਾਵਤ ਲਿਖੀ ਹੋਈ ਹੈ, 'ਕੁਝ ਘੰਟੇ ਖ਼ੁਸ਼ ਰਹਿਣਾ ਚਾਹੁੰਦੇ ਹੋ ਤਾਂ ਸ਼ਰਾਬ ਪੀਓ, ਕੁਝ ਦਿਨ ਖ਼ੁਸ਼ ਰਹਿਣਾ ਚਾਹੁੰਦੇ ਹੋ ਤਾਂ ਆਪਣਾ ਬੱਕਰਾ ਵੱਢੋ ਤੇ ਮੀਟ ਬਣਾਓ, ਕੁਝ ਮਹੀਨੇ ਖ਼ੁਸ਼ ਰਹਿਣਾ ਚਾਹੁੰਦੇ ਹੋ ਤਾਂ ਵਿਆਹ ਕਰਵਾਓ ਪਰ ਜੇ ਹਮੇਸ਼ਾ ਖ਼ੁਸ਼ ਰਹਿਣਾ ਚਾਹੁੰਦੇ ਹੋ ਤਾਂ ਮਾਲੀ ਬਣੋ, ਭਾਵ ਰੁੱਖ ਲਗਾਓ।' ਰੁੱਖ ਸਾਡੇ ਜੀਵਨ ਦਾ ਆਧਾਰ ਹਨ। ਜੇ ਰੁੱਖ ਹੋਣਗੇ ਤਾਂ ਮਨੁੱਖ ਵੀ ਹੋਣਗੇ, ਬਾਕੀ ਜੀਵ-ਜੰਤੂਆਂ ਦੀ ਹੋਂਦ ਵੀ ਕਾਇਮ ਰਹੇਗੀ।

ਬੇਤਹਾਸ਼ਾ ਗੈਸਾਂ ਕਾਰਨ ਵਾਤਾਵਰਨ 'ਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਬਹੁਤ ਜ਼ਿਆਦਾ ਵਧ ਗਈ ਹੈ। ਜਿਸ ਕਾਰਨ ਧਰਤੀ ਦਾ ਤਾਪਮਾਨ ਵਧ ਰਿਹਾ ਹੈ ਤੇ ਗਲੇਸ਼ੀਅਰ ਪਿੰਘਲ ਰਹੇ ਹਨ। ਇਸ ਕਾਰਬਨ ਡਾਈਆਕਸਾਈਡ ਨੂੰ ਸਿਰਫ਼ ਰੁੱਖ ਹੀ ਜਜ਼ਬ ਕਰ ਸਕਦੇ ਹਨ। ਤਪ ਰਹੀ ਇਸ ਕਾਇਨਾਤ ਨੂੰ ਸਿਰਫ਼ ਰੁੱਖ ਹੀ ਠਾਰ ਸਕਦੇ ਹਨ।

ਰੁੱਖਾਂ ਹੇਠਲੇ ਰਕਬੇ ਦੀ ਚਿੰਤਾਜਨਕ ਸਥਿਤੀ

ਰੁੱਖਾਂ ਬਗੈਰ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਕ ਮਨੁੱਖ ਆਪਣੀ ਜ਼ਿੰਦਗੀ ਵਿਚ ਜਿੰਨੀ ਕਾਰਬਨ ਡਾਈਆਕਸਾਈਡ ਸਰੀਰ ਵਿੱਚੋਂ ਛੱਡਦਾ ਹੈ, ਉਸ ਨੂੰ ਸਾਫ਼ ਕਰਨ ਲਈ ਕਰੀਬ 16 ਰੁੱਖਾਂ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਹਰ ਮਨੁੱਖ ਦਾ ਫਰਜ਼ ਹੈ ਕਿ ਉਹ ਜ਼ਿੰਦਗੀ 'ਚ ਘੱਟੋ ਘੱਟ 20 ਰੁੱਖ ਲਗਾਵੇ। ਪੰਜਾਬ 'ਚ ਕਣਕ-ਝੋਨੇ ਦੇ ਫ਼ਸਲੀ ਚੱਕਰ ਨੇ ਰੁੱਖਾਂ ਵੱਡਾ ਨੁਕਸਾਨ ਕੀਤਾ ਹੈ। ਰੁੱਖਾਂ ਦੀ ਘਾਟ ਕਾਰਨ ਪੰਛੀਆਂ ਦੀਆਂ ਕਈ ਪਰਜਾਤੀਆਂ ਲੋਪ ਹੋ ਗਈਆਂ ਹਨ।

ਪੰਛੀਆਂ ਦੀ ਘਾਟ ਕਾਰਨ ਫ਼ਸਲਾਂ 'ਚ ਕੀੜੇ-ਮਕੌੜੇ ਵੱਧ ਰਹੇ ਹਨ। ਪੰਜਾਬ 'ਚ ਇਸ ਸਮੇਂ ਸਿਰਫ਼ 4.5 ਫ਼ੀਸਦੀ ਰਕਬੇ 'ਚ ਰੁੱਖ ਰਹਿ ਗਏ ਹਨ, ਜਦਕਿ ਤੰਦਰੁਸਤ ਵਾਤਾਵਰਨ ਲਈ 33

ਫ਼ੀਸਦੀ ਰੁੱਖ ਹੋਣੇ ਜ਼ਰੂਰੀ ਹਨ। ਪੰਜਾਬ ਵਿਚ ਫ਼ਸਲੀ ਵਿਭਿੰਨਤਾ ਖ਼ਤਮ ਹੋਣ ਕਾਰਨ 30 ਲੱਖ ਹੈਕਟੇਅਰ ਵਿਚ ਲੱਗਾ ਝੋਨਾ ਤੇ ਉਸ ਵਿਚ ਖੜ੍ਹਾ ਪਾਣੀ ਲਗਾਤਾਰ ਮੀਥੇਨ ਗੈਸ ਪੈਦਾ ਕਰਦਾ ਹੈ। ਇਹ ਮੀਥੇਨ ਗੈਸ ਓਜ਼ੋਨ ਪਰਤ ਦੇ ਅੰਦੂਆਂ ਨੂੰ ਤੋੜ ਰਹੀ ਹੈ। ਇਸੇ ਤਰ੍ਹਾਂ ਏਅਰ-ਕੰਡੀਸ਼ਨਰਜ਼ 'ਚ ਵਰਤੀ ਜਾਂਦੀ ਕਲੋਰੋ-ਫਲੋਰੋ ਗੈਸ ਵੀ ਓਜ਼ੋਨ ਪਰਤ ਨੂੰ ਤੋੜਦੀ ਹੈ ਜਦਕਿ ਰੁੱਖ ਓਜ਼ੋਨ ਪਰਤ ਨੂੰ ਮਜ਼ਬੂਤ ਕਰਦੇ ਹਨ।

ਰੁੱਖਾਂ ਤੋਂ ਕਲਮਾਂ ਤਿਆਰ ਕਰਨਾ

ਓਜ਼ੋਨ ਪਰਤ ਸੂਰਜ ਦੀਆਂ ਪਰਾ-ਬੈਂਗਣੀ ਕਿਰਨਾਂ ਨੂੰ ਰੋਕਦੀ ਹੈ। ਆਲਮੀ ਤਪਸ਼ ਵਧਣ ਕਾਰਨ ਓਜ਼ੋਨ ਪਰਤ 'ਚ ਮਘੋਰੇ ਹੋ ਰਹੇ ਹਨ। ਵਧ ਰਹੀ ਗਰਮੀ ਤੇ ਪਰਾ-ਬੈਂਗਣੀ ਕਿਰਨਾਂ ਕਾਰਨ ਚਮੜੀ, ਅੱਖਾਂ ਦੇ ਰੋਗ ਤੇ ਕੈਂਸਰ ਵਰਗੀਆਂ ਬਿਮਾਰੀਆਂ ਵਧ ਰਹੀਆਂ ਹਨ। ਰੁੱਖਾਂ ਦੀ ਘਾਟ ਕਾਰਨ ਮਾਨਸੂਨ ਗੜਬੜਾ ਗਈ ਹੈ। ਕਿਤੇ ਸੋਕਾ ਪੈ ਰਿਹਾ ਹੈ ਤੇ ਕਿਤੇ ਹੜ੍ਹ ਆ ਰਹੇ ਹਨ। ਪਾਣੀ ਆਕਸੀਜਨ ਤੇ ਹਾਈਡਰੋਜਨ ਦਾ ਯੌਗਿਕ ਹੈ। ਵਾਤਵਰਣ 'ਚ ਮੌਜੂਦ ਇਹ ਗੈਸਾਂ ਉਥੇ ਹੀ ਮਿਲ ਕੇ ਪਾਣੀ ਬਣਾਉਣ ਦੀ ਕ੍ਰਿਆ ਕਰਦੀਆਂ ਹਨ ਜਿਥੇ ਇਨ੍ਹਾਂ ਲਈ ਯੋਗ ਮਾਹੌਲ ਹੋਵੇ ਤੇ ਇਹ ਮਾਹੌਲ ਰੁੱਖ ਪੈਦਾ ਕਰਦੇ ਹਨ। ਇਸੇ ਲਈ ਕਿਸੇ ਸ਼ਾਇਰ ਨੇ ਕਿਹਾ ਹੈ, 'ਉਚਿਆਂ ਰੁੱਖਾਂ 'ਤੇ ਮੈਂ ਪੀਘਾਂ ਪਾਵਾਂ, ਨੀਵਿਆਂ ਤੋਂ ਤੋੜਾਂ ਫਲ ਵੇ, ਰੁੱਖ ਲਾ ਹਾਣੀਆਂ ਫਿਰ ਅੰਬਰੋਂ ਬਰਸੂ ਜਲ ਵੇ।' ਸਤੰਬਰ ਤੋਂ ਅਕਤੂਬਰ ਤਕ ਹਰ ਰੁੱਖ ਦੀ ਕਲਮ ਲੱਗ ਸਕਦੀ ਹੈ। ਕਦੰਬ, ਮਹਿੰਦੀ, ਰਬੜ ਪਲਾਂਟ, ਚੁਰੱਕਸੀਆ, ਪਿਪਲ, ਬੋਹੜ ਪਿਲਕਣ, ਟਾਹਲੀ, ਨਿੰਮ ਤੇ ਗੂਲਰ ਆਦਿ ਰੁੱਖ ਇਸ ਸਮੇਂ ਦੌਰਾਨ ਲਗਾਏ ਜਾ ਸਕਦੇ ਹਨ। ਇਨ੍ਹਾਂ ਦੀਆਂ ਕਲਮਾਂ ਵੀ ਲਗਾਈਆਂ ਜਾ ਸਕਦੀਆਂ ਹਨ। ਰੁੱਖ ਦੀ ਗਿੱਠ ਕੁ ਟਾਹਲੀ ਦੇ ਇਕ ਪਾਸੇ ਨੂੰ ਧਰਤੀ 'ਚ ਦੱਬ ਕੇ ਪੂਰੀ ਤਰ੍ਹਾਂ ਮਿੱਟੀ ਪਾ ਦਿੱਤੀ ਜਾਵੇ, ਜਿਸ 'ਚ ਹਵਾ ਨਾ ਜਾ ਸਕੇ। ਕੁਝ ਦਿਨਾਂ 'ਚ ਕਲਮ ਪੌਦਾ ਬਣ ਕੇ ਮੌਲਣ ਲਗਦੀ ਹੈ। ਇਸ ਲਈ ਕਿਤੋਂ ਵੀ ਪੌਦੇ ਲੱਭਣ ਦੀ ਜਾਂ ਮੁੱਲ ਲੈਣ ਦੀ ਜ਼ਰੂਰਤ ਨਹੀਂ। ਤੁਹਾਡੇ ਨੇੜੇ ਜੋ ਵੀ ਰੁੱਖ ਹੈ, ਉਸ ਦੀ ਕਲਮ ਕੱਟੋ 'ਤੇ ਧਰਤੀ 'ਚ ਗੱਡ ਦਿਓ। ਇਸ ਤਰ੍ਹਾਂ ਅਸੀਂ ਸਾਰੇ ਰਲ ਕੇ ਇਸ ਧਰਤੀ ਨੂੰ ਹਰੀ-ਭਰੀ ਕਰ ਸਕਦੇ ਹਾਂ। ਕਿਸੇ ਸ਼ਾਇਰ ਨੇ ਸਹੀ ਕਿਹਾ ਹੈ, 'ਬਾਗ਼ਾ ਲਾਉਣ ਵਾਲੇ ਸਦਾ ਬਾਗ਼ੋ-ਬਾਗ਼ ਰਹਿਣਗੇ, ਰੁੱਖਾਂ ਦੇ ਪ੍ਰੇਮੀ ਦੁੱਖ ਕਦੇ ਵੀ ਨਾ ਸਹਿਣਗੇ।

ਮੋਬਾਈਲ 94171-20427

ਕਿਵੇਂ ਘਟਾਈਏ ਨੁਕਸਾਨਦਾਇਕ ਕੀੜੇ?

• ਡਾ. ਦੀਪਇੰਦਰਪਾਲ ਸਿੰਘ

ਕੋਈ ਵੀ ਕੀੜਾ ਜਦੋਂ ਸਾਡੇ ਅਰਥਚਾਰੇ ਤੇ ਲਾਭ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਉਹ ਦੁਸ਼ਮਣ ਕੀੜਾ ਕਹਾਉਂਦਾ ਹੈ। ਜੇ ਇਹ ਕੀੜੇ ਸਿੱਧੇ ਤੌਰ 'ਤੇ ਕਿਸੇ ਬਿਮਾਰੀ ਦੇ ਕੈਰੀਅਰ ਹੋਣ ਜਾਂ ਅਸਿੱਧੇ ਤੌਰ 'ਤੇ ਸਾਡੇ ਪਾਲਤੂ ਜਾਨਵਰਾਂ, ਫ਼ਸਲਾਂ ਤੇ ਲੱਕੜ ਦੇ ਭੰਡਾਰ ਨੂੰ ਪ੍ਰਭਾਵਿਤ ਕਰਦੇ ਹਨ।ਤਾਂ ਇਹ ਬੇਹੱਦ ਨੁਕਸਾਨਦੇਹ ਸਿੱਧ ਹੁੰਦੇ ਹਨ। ਇਹ ਕੀੜੇ ਉਦੋਂ 'ਪੈਸਟ' ਬਣਦੇ ਹਨ ਜਦੋਂ ਉਹ ਇਕ ਖ਼ਾਸ ਜਗ੍ਹਾ ਰਹਿਣ ਵਾਲੀਆਂ ਜਾਤੀਆਂ ਨੂੰ ਉਥੋਂ ਖਦੇੜ ਦਿੰਦੇ ਹਨ। ਉਦਾਹਰਣ ਦੇ ਤੌਰ 'ਤੇ ਵਸਨੀਕ ਕੀੜੇ ਆਪਣੀ ਹੀ ਜਗਾ ਦੇ ਪੱਕੇ ਪੌਦਿਆਂ 'ਤੇ ਸ਼ਹਿਦ ਦੀਆਂ ਮੱਖੀਆਂ ਦੇ ਮੁਕਾਬਲੇ ਵਧੀਆ ਪਰਾਗਣ ਕਿਰਿਆ ਕਰਦੇ ਹਨ ਜਦਕਿ ਇਨ੍ਹਾਂ ਦੇ ਖ਼ਾਤਮੇ ਬੀਜਾਂ ਦੀ ਉਤਪਤੀ ਘਟ ਜਾਂਦੀ ਹੈ ਤੇ ਫ਼ਸਲੀ ਪੈਦਾਵਾਰ 'ਚ ਗਿਰਾਵਟ ਦੇ ਆਸਾਰ ਪੈਦਾ ਹੋ ਜਾਂਦੇ ਹਨ।

ਬਾਹਰੀ ਕੀੜੇ ਮੂਲ ਕੀੜਿਆਂ ਲਈ ਖ਼ਤਰਾ

ਕੁਝ ਬਾਹਰੋਂ ਆਈਆ ਤੇ ਸੁਭਾਅ ਪੱਖੋਂ ਤੇਜ਼ ਕੀੜੀਆਂ, ਜਿਵੇਂ ਵੱਡੇ ਸਿਰ ਵਾਲੀ ਕੀੜੀ (ਫੀਲੀਐਂਲ ਮੈਗਸੀਫੈਲਾ) ਤੇ ਅਰਜਨਟਾਈਨ ਕੀੜੀ (ਲਾਈਨੇਪੀਥੈਮਾ ਹਿਊਮਾਈਲ) ਨੇ ਬਰਮੂਡਾ ਤੇ ਹਵਾਈ ਇਲਾਕੇ ਦੇ ਵਸਨੀਕ ਕੀੜਿਆਂ ਨੂੰ ਉਥੋਂ ਖਦੇੜ ਦਿੱਤਾ ਤੇ ਉਨ੍ਹਾਂ ਦੀਆਂ ਜਾਤੀਆਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਸਾਡੇ ਲਈ ਇਹ ਜਾਨਣਾ ਬੇਹੱਦ ਜ਼ਰੂਰੀ ਹੈ ਕੀੜਾ 'ਪੈਸਟ' ਕਿਵੇਂ ਬਣਦਾ ਹੈ ਤੇ ਕਿਸ ਤਰ੍ਹਾਂ ਫ਼ਸਲਾਂ ਅਤੇ ਅਰਥਚਾਰੇ ਦਾ ਨੁਕਸਾਨ ਕਰਦਾ ਹੈ? ਇਸ ਤੋਂ ਇਲਾਵਾ ਕੀੜੇਮਾਰ ਦਵਾਈਆਂ ਦੇ ਪ੍ਰਭਾਵ ਤੇ ਕੀੜੇ ਦੇ ਇਨ੍ਹਾਂ ਦਵਾਈਆਂ ਪ੍ਰਤੀ ਅਵਰੋਧ ਬਾਰੇ ਜਾਨਣਾ ਵੀ ਲਾਜ਼ਮੀ ਹੈ। ਕਈ ਵਾਰ ਬਹੁਤ ਥੋੜ੍ਹੇ ਦੁਸ਼ਮਣ ਕੀੜੇ ਵੀ ਬਹੁਤ ਜ਼ਿਆਦਾ ਨੁਕਸਾਨ ਕਰ ਦਿੰਦੇ ਹਨ। ਜਿਵੇਂ, ਫਲਾਂ ਨੂੰ ਕੋਡਲਿੰਗ ਪਤੰਗਾ ਤੇ ਫਲਾਂ ਦੀ ਮੱਖੀ (ਡਰੋਸੋਫਿਲਾ) ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਮਾਰਕੀਟ 'ਚ ਮੁਕਾਬਲੇ ਦੀ ਸਥਿਤੀ ਹੋਣ ਕਰਕੇ ਹੁਣ ਮਿਆਰੀ ਭੋਜਨ ਤੇ ਹੋਰਨਾਂ ਪਦਾਰਥਾਂ ਦਾ ਰੁਝਾਨ ਵਧ ਗਿਆ ਹੈ। ਇਸ ਲਈ ਸਾਨੂੰ ਦੁਸ਼ਮਣ ਕੀੜਿਆਂ ਦੀ ਹੋਂਦ ਸਿਰਫ਼ ਬਾਇਲੋਜੀਕਲ ਨਾ ਸੋਚ ਕੇ ਇਕੋਨੋਮੀਕਲੀ ਵੀ ਸੋਚਣਾ ਪਵੇਗਾ ਕਿ ਉਹ ਕਿਸ ਤਰ੍ਹਾਂ ਸਾਨੂੰ ਵਿੱਤੀ ਨੁਕਸਾਨ ਪਹੁੰਚਾਉਂਦੇ ਹਨ।

ਕੀੜਿਆਂ ਦੀ ਫ਼ਸਲਾਂ ਤਕ ਪਹੁੰਚ ਹੋਈ ਆਸਾਨ

ਕਿਸੇ ਵੀ ਕੀੜੇ ਦੇ 'ਕੀਟ' ਬਣਨ ਪਿੱਛੇ ਕਈ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਇਹ ਹੈ ਕਿ ਕਿਸੇ ਵੀ ਕੀੜੇ ਦਾ ਗ਼ਲਤੀ ਨਾਲ ਜਾਂ ਜਾਣ ਬੁਝ ਕੇ ਆਪਣੀ ਅਸਲੀ ਤੈਅ ਸੀਮਾ ਤੋਂ ਬਾਹਰ ਜਾਣਾ, ਜਿੱਥੇ ਉਹ ਆਪਣੇ ਕੁਦਰਤੀ ਦੁਸ਼ਮਣ ਕੀੜਿਆਂ ਤੋਂ ਬਚ ਜਾਂਦੇ ਹਨ ਜਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦੇ ਹਨ। ਦੂਸਰਾ, ਜਦੋਂ ਕੀਟ ਆਪਣੇ ਪੱਕੇ ਬੂਟੇ ਨੂੰ ਛੱਡ ਕੇ ਦੂਸਰੇ ਪੌਦੇ, ਜੋ ਉਸ ਜਗ੍ਹਾ ਵਾਸਤੇ ਨਵੇਂ ਹੁੰਦੇ ਹਨ, ਉਸ ਉੱਪਰ ਚਲੇ ਜਾਂਦੇ ਹਨ। ਇਹ ਕੰਮ ਉਹ ਕੀੜੇ ਕਰਦੇ ਹਨ ਜੋ ਇਕ ਤੋਂ ਵੱਧ ਪੌਦਿਆਂ 'ਤੇ ਆਪਣਾ ਨਿਰਵਾਹ ਕਰਦੇ ਹਨ, ਜਿਵੇਂ ਕਿ 'ਆਲੂ ਖਪੜਾ' (ਉਲੀਗੋਫੈਗਸ ਕਲੋਰੋਡੋ) ਆਪਣੇ ਪੱਕੇ ਬੂਟਿਆਂ ਤੋਂ ਆਲੂ 'ਤੇ ਚਲੇ ਗਈ ਹੈ ਤੇ ਇਕ ਤੋਂ ਵੱਧ ਪੌਦਿਆਂ 'ਤੇ ਰਹਿਣ ਜਾਂ ਉਨ੍ਹਾਂ ਨੂੰ ਖਾਣ ਵਾਲੇ ਕੀੜੇ, ਜਿਵੇਂ ਹੈਲੀਕੋਵਰਪਾ ਤੇ ਹੈਲੀਐਥਸ ਅੱਜ ਕਪਾਹ ਤੇ ਦੂਸਰੀਆਂ ਫ਼ਸਲਾਂ ਦੇ ਭਿਆਨਕ ਕੀੜੇ ਬਣ ਗਏ ਹਨ। ਤੀਜਾ ਕਾਰਨ ਇਕੱਲੀ ਫ਼ਸਲ 'ਤੇ ਬਹੁਤ ਸਾਰੀਆਂ ਫ਼ਸਲਾਂ ਨੂੰ ਸਾਂਝੇ ਤੌਰ 'ਤੇ ਬੀਜਣਾ ਹੈ। ਪਹਿਲਾ ਫ਼ਸਲਾਂ ਨੂੰ ਸਾਂਝੇ ਤੌਰ 'ਤੇ ਲਗਾਇਆ ਜਾਂਦਾ ਸੀ ਤੇ ਕੀੜੇ ਨੂੰ ਇਕ ਫ਼ਸਲ ਤੋਂ ਦੂਸਰੀ ਉਸੇ ਫ਼ਸਲ ਤਕ ਜਾਣ ਲਈ ਕਾਫ਼ੀ ਦੂਰੀ ਤੈਅ ਕਰਨੀ ਪੈਂਦੀ ਸੀ, ਜਿਸ ਨਾਲ ਵਿਚ-ਵਿਚਾਲੇ ਹੀ ਉਨ੍ਹਾਂ ਨੂੰ ਫ਼ਸਲਾਂ ਦੇ ਮਿੱਤਰ ਕੀੜੇ ਖਾ ਜਾਂਦੇ ਸਨ। ਹੁਣ ਜ਼ਮਾਨਾ ਇੱਕਲੀ ਜਾਂ ਇੱਕੋ ਫ਼ਸਲ ਬੀਜਣ ਦਾ ਆ ਗਿਆ ਹੈ, ਜਿਸ ਕਰਕੇ ਕੀੜੇ ਨੂੰ ਇਕ ਬੂਟੇ ਤੋਂ ਦੂਜੇ ਬੂਟੇ ਤਕ ਜਾਂ ਇਕ ਖੇਤ ਤੋਂ ਦੂਸਰੇ ਖੇਤ ਤਕ ਜਾਣ ਲਈ ਕੋਈ ਮੁਸ਼ਕਿਲ ਨਹੀਂ ਆਉਂਦੀ। ਜਿਸ ਕਾਰਨ ਕੀੜਿਆਂ ਦੀ ਗਿਣਤੀ ਵਧ ਜਾਂਦੀ ਹੈ ਤੇ ਉਹ ਕੀਟ ਦਾ ਰੂਪ ਧਾਰਨ ਕਰ ਲੈਂਦੇ ਹਨ।

ਰਸਾਇਣਾਂ ਦੇ ਮਾੜੇ ਪ੍ਰਭਾਵ

ਕੀੜੇਮਾਰ ਰਸਾਇਣਕ ਦਵਾਈਆਂ ਦਾ ਉਤਪਾਦਨ ਦੂਸਰੇ ਵਿਸ਼ਵ ਯੁੱਧ ਵੇਲੇ ਹੋਇਆ। ਉਸ ਵੇਲੇ ਇਹ ਦਵਾਈਆਂ ਦਮਦਾਰ ਤੇ ਸਸਤੀਆਂ ਸਨ। ਕਿਸਾਨਾਂ ਲਈ ਕੀੜਿਆਂ ਨੂੰ ਕੰਟਰੋਲ ਕਰਨ ਦਾ ਇਹ ਸਸਤਾ ਤੇ ਵਧੀਆ ਸਾਧਨ ਸੀ। ਜਿਸ ਨੂੰ ਜਲਦ ਹੀ ਘਰੇਲੂ ਰਸਾਇਣਕ, ਕਲਚਰਲ ਤੇ ਬਾਇਲੋਜੀਕਲ ਕੰਟਰੋਲ ਨੇ ਬਦਲ ਕੇ ਰੱਖ ਦਿੱਤਾ।।1950-60 ਦੇ ਦਹਾਕੇ ਸਮੇਂ ਇਨ੍ਹਾਂ ਕੀੜੇਮਾਰ ਦਵਾਈਆਂ ਦੀ ਭਰਮਾਰ ਸੀ ਤੇ ਇਨ੍ਹਾਂ ਦਾ ਇਸਤੇਮਾਲ ਵਧਦਾ ਗਿਆ। ਅੱਜ ਕਿਸਾਨ ਕੋਲ ਨੁਕਸਾਨਦੇਹ ਕੀੜਿਆਂ 'ਤੇ ਕਾਬੂ ਪਾਉਣ ਦਾ ਇਹ ਇਕੋ ਹੀ ਤਰੀਕਾ ਰਹਿ ਗਿਆ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਦਵਾਈਆਂ ਨੇ ਕੀੜੇ ਦੀ ਆਮਦ ਨੂੰ ਬਹੁਤ ਹੱਦ ਤਕ ਘਟਾਇਆ ਹੈ ਪਰ ਇਸ ਦੇ ਬੁਰੇ ਪ੍ਰਭਾਵ ਵੀ ਪਏ ਹਨ। ਕੁਦਰਤੀ ਪੋਲੀਨੇਟਰਜ਼ ਤੇ ਮਿੱਤਰ ਕੀੜਿਆਂ ਦਾ ਵੀ ਇਨ੍ਹਾਂ ਦਵਾਈਆਂ ਨਾਲ ਖਾਤਮਾ ਹੋ ਰਿਹਾ ਹੈ। ਨਤੀਜੇ ਵਜੋਂ ਦੁਸ਼ਮਣ ਕੀੜਿਆਂ ਦੀ ਗਿਣਤੀ ਵਧ ਗਈ ਹੈ। ਜੇ ਇਨ੍ਹਾਂ ਕੀੜਿਆਂ ਦੇ ਕੁਦਰਤੀ ਦੁਸ਼ਮਣ ਕੀੜੇ ਬਹੁਤ ਹੌਲੀ ਦਰ ਨਾਲ ਵਧਦੇ ਹਨ ਤਾਂ ਫ਼ਸਲਾਂ ਦੇ ਦੁਸ਼ਮਣ ਕੀੜੇ ਏਨੇ ਵਧ ਜਾਣਗੇ ਕਿ ਇਨ੍ਹਾਂ ਨਾਲ ਰਸਾਇਣਿਕ ਵਿਧੀ ਨਾਲ ਨਜਿੱਠਣਾ ਵੀ ਔਖਾ ਹੋ ਜਾਵੇਗਾ। ਇਸ ਤੋਂ ਇਲਾਵਾ ਇਨ੍ਹਾਂ ਰਸਾਇਣਕ ਦਵਾਈਆਂ ਦਾ ਵਾਤਾਵਰਨ ਤੇ ਮਨੁੱਖੀ ਸਿਹਤ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਦਵਾਈਆਂ ਕਾਰਨ ਧਰਤੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ ਤੇ ਪਾਣੀ ਦੇ ਸਰੋਤਾਂ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਕੀਟਨਾਸ਼ਕਾਂ ਕਾਰਨ ਵਾਲ ਝੜਨ, ਕੈਂਸਰ, ਅੱਖਾਂ ਦਾ ਖ਼ਰਾਬ ਹੋਣਾ, ਚਮੜੀ ਰੋਗ, ਸਾਹ ਦੀਆਂ ਬੀਮਾਰੀਆਂ ਮੁੱਖ ਤੌਰ 'ਤੇ ਉੱਭਰ ਕੇ ਸਾਹਮਣੇ ਆਈਆਂ ਹਨ।

ਸਮੂਹਿਕ ਪ੍ਰਬੰਧ ਵਿਧੀ

ਨੁਕਸਾਨਦਾਇਕ ਕੀੜੇ ਘਟਾਉਣ ਦੇ ਸਮੂਹਿਕ ਪ੍ਰਬੰਧ ਦੀ ਵਿਧੀ ਪਹਿਲੀ ਵਾਰ 1960 ਵਿਚ ਪ੍ਰਮੋਟ ਹੋਈ ਸੀ, ਜਦੋਂ ਰਸਾਇਣਕ ਕੀੜੇਮਾਰ ਦਵਾਈਆਂ ਫੇਲ੍ਹ ਹੋ ਗਈਆਂ ਸਨ। ਖ਼ਾਸ ਕਰਕੇ ਕਪਾਹ ਦੀ ਫ਼ਸਲ ਉੱਤੇ 12 ਵਾਰ ਇਨ੍ਹਾਂ ਦਵਾਈਆਂ ਦਾ ਛੜਕਾਅ ਕਰਨ ਦੀ ਲੋੜ ਪੈ ਰਹੀ ਸੀ। ਜਿਸ ਕਰਕੇ ਇਹ ਦਵਾਈਆਂ ਫੇਲ੍ਹ ਹੋ ਗਈਆਂ ਸਨ। ਇਸ ਵਿਧੀ ਦਾ ਮੁੱਖ ਕਾਰਜ ਫ਼ਸਲ ਦੇ ਹੋ ਰਹੇ ਨੁਕਸਾਨ ਤੇ ਅਰਥਚਾਰੇ ਨੂੰ ਵੱਜ ਰਹੇ ਧੱਕੇ ਦੀ ਹੱਦ ਨੂੰ ਘਟਾਉਣ ਦੇ ਨਾਲ-ਨਾਲ ਇਨ੍ਹਾਂ ਰਸਾਇਣਾਂ ਦੇ ਮਿੱਤਰ ਕੀੜਿਆਂ ਤੇ ਵਾਤਾਵਰਨ ਉੱਪਰ ਪੈ ਰਹੇ ਮਾੜੇ ਪ੍ਰਭਾਵ ਦਾ ਘੱਟ ਕਰਨਾ ਹੈ। ਇਕੋਨੋਮਿਕ ਤੇ ਵਾਤਾਵਰਨ ਨੂੰ ਫ਼ਾਇਦੇ ਦੇ ਬਾਵਜੂਦ ਇਸ ਨੂੰ ਲਾਗੂ ਕਰਨ ਦਾ ਕੰਮ ਬਹੁਤ ਹੌਲੀ ਚੱਲ ਰਿਹਾ ਹੈ। ਇਸ ਦੇ ਮੁੱਖ ਕਾਰਨ ਹਨ : ਕੀਟ ਤੇ ਕੁਦਰਤੀ ਦੁਸ਼ਮਣਾਂ ਦੇ ਜੀਵਨ ਚੱਕਰ ਤੇ ਰਹਿਣ-ਸਹਿਣ ਦੀ ਜਾਣਕਾਰੀ ਦੀ ਘਾਟ, ਹਰੇਕ ਕੀਟ ਦੁਆਰਾ ਫ਼ਸਲ ਨੂੰ ਪਹੁੰਚਾਏ ਜਾਂਦੇ ਨੁਕਸਾਨ ਤੇ ਵਿੱਤੀ ਘਾਟੇ ਦੀ ਜਾਣਕਾਰੀ ਨਾ ਹੋਣ, ਉਕਤ ਜਾਣਕਾਰੀ ਲਈ ਖੋਜ ਦੇ ਖੇਤਰਾਂ 'ਚ ਪਰਪੱਕਤਾ ਨਾ ਹੋਣਾ ਤੇ ਕਿਸਾਨ, ਖੇਤੀਬਾੜੀ ਅਫ਼ਸਰਾਂ ਤੇ ਜੰਗਲਾਤ ਮਹਿਕਮੇ ਦੇ ਕਰਮਚਾਰੀਆਂ ਨੂੰ ਸਿਖਲਾਈ ਦੀ ਘਾਟ।

ਬਾਇਲੋਜੀਕਲ ਕੰਟਰੋਲ ਤਕਨੀਕ

ਬਾਇਲੋਜੀਕਲ ਕੰਟਰੋਲ ਮਨੁੱਖ ਦੁਆਰਾ ਵਿਕਸਿਤ ਕੀਤੀ ਤਕਨੀਕ ਹੈ। ਇਸ ਵਿਚ ਕਿਸੇ ਵੀ ਕੀਟ ਦੇ ਕੁਦਰਤੀ ਦੁਸ਼ਮਣ ਨੂੰ ਉਸ ਉੱਪਰ ਛੱਡਿਆ ਜਾਂਦਾ ਹੈ ਤਾਂ ਕਿ ਕੀਟ ਨੂੰ ਕੁਝ ਹੱਦ ਤਕ ਖ਼ਤਮ ਕੀਤਾ ਜਾ ਸਕੇ ਪਰ ਇਹ ਤਕਨੀਕ ਸਾਡੇ ਅਰਥਚਾਰੇ ਨੂੰ ਉੱਚਾ ਚੁੱਕਣ 'ਚ ਬਹੁਤੀ ਸਹਾਈ ਸਿੱਧ ਨਹੀਂ ਹੋਈ, ਫਿਰ ਵੀ ਇਹ ਨੁਕਸਾਨ ਦੀ ਹੱਦ ਤਕ ਪਹੁੰਚਣ ਤੋਂ ਪਹਿਲਾਂ ਦੁਸ਼ਮਣ ਕੀੜੇ ਨੂੰ ਖ਼ਤਮ ਕਰ ਦਿੰਦੀ ਹੈ। ਹੁਣ ਤਕ ਬਹੁਤ ਸਾਰੀਆਂ ਬਾਇਲੋਜੀਕਲ ਵ

ਪੂਜਾ ਨੂੰ ਦਿਲ ਦੀ ਸਮੱਸਿਆ ਸੀ, ਇਸ ਦੇ ਬਾਵਜੂਦ ਉਹ ਉਸ ਨੂੰ ਦਿਲੋਂ ਚਾਹੁੰਦਾ ਸੀ। ਇਸੇ ਵਿੱਚਕਾਰ ਪੁਲਿਸ ਨੇ ਫ਼ੋਨ ਕਾਲ ਡਿਟੇਲਾਂ ਕਢਵਾਈਆਂ ਤਾਂ ਘਟਨਾ ਦੀ ਰਾਤ ਨੂੰ ਉਸ ਦੀ ਇਕ ਨੰਬਰ ਤੇ ਕਈ ਵਾਰ ਗੱਲ ਹੋਈ ਸੀ। ਉਸ ਨੰਬਰ ਦੀ ਲੁਕੇਸ਼ਨ ਰਾਜਸਥਾਨ ਦੇ ਹਨੂਮਾਨਗੜ੍ਹ ਦੀ ਮਿਲ ਰਹੀ ਸੀ। ਜਦਕਿ ਘਟਨਾ ਵਾਲੀ ਰਾਤ ਨੂੰ ਉਸ ਦੀ ਲੁਕੇਸ਼ਨ ਰਾਉ ਦੇ ਆਸ ਪਾਸ ਸੀ। ਉਹ ਨੰਬਰ ਕਰਨ ਸਿੰਘ ਸਿੱਧੂ ਦੇ ਨਾਂ ਸੀ। ਪੁਲਿਸ ਹਨੂਮਾਨਗੜ੍ਹ ਰਵਾਨਾ ਹੋ ਗਈ। ਅਗਲੇ ਦਿਨ ਯਸ਼ਪਾਲ ਦੇ ਭਰਾ ਤੇ ਮਾਪੇ ਆ ਗਏ। ਕਰਨ ਸਿੰਘ ਨੂੰ ਪਕੜ ਲਿਆਂਦਾ ਤੇ ਉਸ ਦੀ ਪਤਨੀ ਪੂਜਾ ਨੂੰ ਵੀ ਪਕੜ ਲਿਆ।

ਜਾਨ ਤੋਂ ਜ਼ਿਆਦਾ ਪਿਆਰੀ ਪਤਨੀ ਹੀ ਬਣ ਗਈ ਜਾਨ ਦੀ ਦੁਸ਼ਮਣ

ਚਮੋਲੀ (ਉਤਰਾਖੰਡ) ਦਾ ਰਹਿਣ ਵਾਲਾ 30 ਸਾਲਾ ਯਸ਼ਪਾਲ ਸਿੰਘ ਬਿਸ਼ਟ ਪਿਛਲੇ 6 ਸਾਲਾਂ ਤੋਂ ਇੰਦੌਰ ਦੇ ਏ. ਬੀ., ਰੋਡ, ਰਾਊ ਸਥਿਤ ਓਮਪ੍ਰਕਾਸ਼ ਚੌਧਰੀ ਦੇ ਕਮਾਨ ਵਚ ਰਹਿ ਰਿਹਾ ਸੀ। ਉਹ ਇੰਦੌਰ ਵਿੱਚ ਸਿਪਲਾ ਦਵਾਈ ਕੰਪਨੀ ਵਿੱਚ ਮੈਨੇਜਰ ਵਜੋਂ ਨੌਕਰੀ ਕਰਦਾ ਸੀ। ਸਿੱਧਾ ਸਾਦਾ ਯਸ਼ਪਾਲ ਆਪਣੇ ਕੰਮ ਵਿੱਚ ਬਿਜ਼ੀ ਰਹਿਣ ਵਾਲਾ ਸੀ। ਖੁਸ਼ੀ ਦੀ ਵਜ੍ਹਾ ਇਹ ਸੀ ਕਿ 20 ਜੂਨ ਨੂੰ ਉਸ ਦਾ ਜਨਮ ਦਿਨ ਆਉਣ ਵਾਲਾ ਸੀ। ਉਸਦੀ ਪਤਨੀ ਨੇ ਫ਼ੋਨ ਕਰਕੇ ਦੇਖਿਆ ਕਿ ਉਹ ਉਸ ਨੂੰ ਖਾਸ ਤੋਹਫ਼ਾ ਦੇਵੇਗੀ। ਉਸ ਨੇ ਪਤਨੀ ਨੂੰ ਕਈ. ਵਾਰ ਪੁੱਛਿਆ ਕਿ ਉਹ ਤੋਹਫ਼ੇ ਵਿੱਚ ਕੀ ਦੇਵੇਗੀ, ਪਰ ਉਸ ਨੇ ਜਵਾਬ ਵਿੱਚ ਕਿਹਾ ਕਿ ਇਹ ਸਸਪੈਂਸ ਹੈ। ਯਸ਼ਪਾਲ 20 ਜੂਨ ਨੂੰ ਆਪਣੇ ਜਨਮ ਦਿਨ ਦਾ ਇੰਤਜ਼ਾਰ ਕਰ ਰਿਹਾ ਸੀ। ਉਹ ਕਾਲਜ ਦੇ ਦਿਨਾਂ ਤੋਂ ਹੀ ਪੂਜਾ ਭੰਡਾਰੀ ਉਰਫ ਪੁਜੂ ਨੂੰ ਚਾਹੁੰਦਾ ਸੀ। ਦੋਵੇਂ ਇਕ ਹੀ ਕਾਲਜ ਵਿੱਚ ਪੜ੍ਹਦੇ ਸਨ। ਪੂਜਾ ਵੀ ਚਮੋਲੀ ਦੀ ਰਹਿਣ ਵਾਲਾ ਸੀ। ਪੜ੍ਹਾਈ ਦੌਰਾਨ ਹੀ ਦੋਵਾਂ ਦੀ ਮੁਲਾਕਾਤ ਹੋਈ ਅਤੇ ਚੰਗੇ ਦੋਸਤ ਬਣ ਗਏ। ਪੂਜਾ ਦੇ ਹਾਰਟ ਵਿੱਚ ਵਾਲਵ ਵਿੱਚ ਛੇਕ ਸੀ। ਅਸਲੀਅਤ ਪਤਾ ਲੱਗਦੇ ਹੀ ਯਸ਼ਪਾਲ ਨੂੰ ਬਹੁਤ ਦੁੱਖ ਹੋਇਆ। ਉਹ ਉਸਨੂੰ ਹਸਪਤਾਲ ਲੈ ਗਿਆ ਅਤੇ ਜਦੋਂ ਉਸਨੂੰ ਹੋਸ਼ ਨਾ ਆਇਆ ਉਦੋਂ ਤੱਕ ਉਹ ਉਸ ਦੇ ਕੋਲਹੀ ਰਿਹਾ। ਪੂਜਾ ਠੀਕ ਹੋ ਗਈ ਪਰ ਡਾਕਟਰਾਂ ਦੀ ਰਿਪੋਰਟ ਵਿੱਚ ਦੱਸਿਆ ਕਿ ਉਸਨੂੰ ਗੰਭੀਰ ਬਿਮਾਰੀ ਹੈ ਅਤੇ ਉਸ ਬਿਮਾਰੀ ਨਾਲ ਉਸਦੀ ਜਾਨ ਵੀ ਜਾ ਸਕਦੀ ਹੈ। ਪੜ੍ਹਾਈ ਕਰਕੇ ਯਸ਼ਪਾਲ ਨੇ ਨੌਕਰੀ ਲਈ ਅਪਲਾਈ ਕੀਤਾ। ਇਸੇ ਦਾ ਨਤੀਜਾ ਇਹ ਹੋਇਆ ਕਿ ਉਸਨੂੰ ਦਵਾਈ ਕੰਪਨੀ ਸਿਪਲਾ ਵਿੱਚ ਨੌਕਰੀ ਮਿਲ ਗਈ। ਘਰ ਵਾਲਿਆਂ ਨੇ ਉਸਦੇ ਵਿਆਹ ਬਾਰੇ ਗੱਲ ਤੋਰੀ ਤਾਂ ਉਸਨੇ ਆਫ਼ ਕਹਿ ਦਿੱਤਾ ਕਿ ਉਹ ਵਿਆਹ ਕਰੇਗਾ ਤਾਂ ਸਿਰਫ਼ ਪੂਜਾ ਨਾਲ। ਆਖਿਰ 2012 ਵਿੱਚ ਉਹਨਾਂ ਦਾ ਵਿਆਹ ਹੋ ਗਿਆ।

ਵਿਆਹ ਤੋਂ ਬਾਅਦ ਯਸ਼ਪਾਲ ਪੂਜਾ ਨੂੰ ਲੈ ਕੇ ਇੰਦੌਰ ਚਲਿਆ ਗਿਆ। ਉਥੇ ਹੀ ਉਹ ਪੂਜਾ ਦੀ ਤਬੀਅਤ ਖਰਾਬ ਹੋਣ ਲੱਗੀ। ਉਸਨੂੰ ਸਾਹ ਲੈਣ ਵਿੱਚ ਤਕਲੀਫ਼ ਹੁੰਦੀ ਸੀ। ਡਾਕਟਰਾਂ ਨੇ ਜਾਂਚ ਵਿੱਚ ਦੱਸਿਆ ਕਿ ਜੇਕਰ ਉਹ ਪਹਾੜੀ ਖੇਤਰ ਵਿੱਚ ਰਹਿਣ ਲੱਗੇ ਤਾਂ ਜ਼ਿਆਦਾ ਪ੍ਰੇਸ਼ਾਨੀ ਨਹੀਂ ਹੋਵੇਗੀ। ਦੇਹਰਾਦੂਨ ਵਿੱਚ ਯਸ਼ਪਾਲ ਦੇ ਮਾਮਾ-ਮਾਮੀ ਰਹਿੰਦੇ ਸਨ। ਉਹਨਾਂ ਨੇ ਪੂਜਾ ਦੀ ਹਰ ਤਰ੍ਹਾਂ ਨਾਲ ਦੇਖਭਾਲ ਕਰਨ ਦੀ ਗੱਲ ਕਹੀ। ਯਸ਼ਪਾਲ ਨੇ ਦੇਹਰਾਦੂਨ ਵਿੱਚ ਰਾਜਪੁਰਾ ਰੋਡ ਤੇ ਆਪਣੇ ਮਾਮਲੇ ਦੇ ਕੋਲ ਪੂਜਾ ਦੇ ਰਹਿਣ ਦਾ ਇੰਤਜ਼ਾਮ ਕਰ ਦਿੱਤਾ। ਉਹ ਹਰ ਮਹੀਨੇ ਪੂਜਾ ਨੂੰ ਮਿਲਣ ਆਉਂਦਾ ਅਤੇ ਡਾਕਟਰਾਂ ਨੂੰ ਦਿਖਾਉਂਦਾ। ਦਵਾਈ ਵਗੈਰਾ ਦਾ ਇੰਤਜ਼ਾਮ ਕਰਕੇ ਉਹ ਵਾਪਸ ਚਲਿਆ ਜਾਂਦਾ। ਇਹ ਸਿਲਸਿਲਾ 4 ਸਾਲ ਚਲਦਾ ਰਿਹਾ। ਆਪਣੇ ਕਮਰੇ ਵਿੱਚ ਪੂਜਾ ਦਿਨ ਭਰ ਇਕੱਲੀ ਰਹਿੰਦੀ ਸੀ, ਜਿਸ ਕਰਕੇ ਬੋਰੀਅਤ ਹੋਣ ਲੱਗੀ ਸੀ। ਸਮਾਂ ਪਾਸ ਕਰਨ ਲਈ ਉਸ ਨੇ ਇੰਟਰਨੈਟ ਤੇ ਫ਼ਰੈਂਡ ਲੱਭ ਲਏ। ਆਪਣੇ ਸਟੇਟਸ ਵਿੱਚ ਉਸ ਨੇ ਆਪਣੇ ਆਪ ਨੂੰ ਕੁਆਰੀ ਦੱਸਿਆ। ਪੂਜਾ ਦੀ ਖੂਬਸੂਰਤੀ ਦੇਖ ਕੇ ਫ਼ੇਸਬੁੱਕ ਤੇ ਲੜਕਿਆਂ ਦੀ ਲਾਈਨ ਲੱਗ ਗਈ। ਹੁਣ ਉਸਦਾ ਜ਼ਿਆਦਾਤਰ ਵਕਤ ਇੰਟਰਨੈਟ ਤੇ ਬੀਤਣ ਲੱਗਿਆ। ਕਦੀ ਕਦੀ ਉਹ ਚੈਟਿੰਗ ਵਿੱਚ ਇੰਨਾ ਗੁਆਚ ਜਾਂਦੀ ਕਿ ਉਸਨੂੰ ਆਪਣੇ ਪਤੀ ਦੀ ਫ਼ਿਕਰ ਨਾ ਰਹਿੰਦੀ। ਇਸੇ ਵਿੱਚਕਾਰ ਪੂਜਾ ਨੂੰ ਫ਼ੇਸਬੁੱਕ ਫ਼ਰੈਂਡ ਕਰਨ ਸਿੰਘ ਸਿੱਧੂ ਦੇ ਰੂਪ ਵਿੱਚ ਨਵਾਂ ਪਿਆਰ ਮਿਲ ਗਿਆ ਸੀ। ਕਰਨ ਦੇ ਚੱਕਰ ਵਿੱਚ ਉਹ ਆਪਣੇ ਪਤੀ ਨੂੰ ਭੁੱਲਦੀ ਜਾ ਰਹੀ ਸੀ। ਕਰਨ ਸਿੰਘ ਕੋਟਾ ਰਾਜਸਥਾਨ ਦਾ ਰਹਿਣ ਵਾਲਾ ਸੀ। ਸੁੰਦਰ ਅਤੇ ਸਮਾਰਟ ਸਿੱਧੂ ਨੇ ਫ਼ੇਸਬੁੱਕ ਡਿਟੇਲਜ਼ ਮੁਤਾਬਕ ਖੁਦ ਨੂੰ ਏ. ਟੀ. ਐਸ. ਕਰਮਚਾਰੀ ਦੱਸਿਆ। ਪੂਜਾ ਕਰਨ ਦੀ ਦੀਵਾਨੀ ਹੋ ਗਈ। ਕਰਨ ਦੇ ਸਾਹਮਣੇ ਉਸਨੂੰ ਜਾਨ ਛਿੜਕਣ ਵਾਲਾ ਯਸ਼ਪਾਲ ਫ਼ਿੱਕਾ ਲੱਗਣ ਲੱਗਿਆ। ਉਹ ਹੌਲੀ ਹੌਲੀ ਯਸ਼ਪਾਲ ਤੋਂ ਦੂਰ ਹੁੰਦੀ ਜਾ ਰਹੀ ਸੀ ਅਤੇ ਕਰਨ ਦੇ ਕੋਲ ਆਉਂਦੀ ਜਾ ਰਹੀ ਸੀ। ਲੰਮੀ ਚੈਟਿੰਗ ਤੋਂ ਬਾਅਦ ਕਰਨ ਅਤੇ ਪੂਜਾ ਵਿੱਚਕਾਰ ਮੋਬਾਇਲ ਤੇ ਘੰਟਿਆਂ ਬੱਧੀ ਗੱਲਾਂ ਹੋਣਲੱਗੀਆਂ।

ਜਦੋਂ ਕਰਨ ਨੂੰ ਪਤਾ ਲੱਗਿਆ ਕਿ ਪੂਜਾ ਦੇਹਰਾਦੂਨ ਵਿੱਚ ਇਕੱਲੀ ਰਹਿੰਦੀ ਹੈ ਤਾਂ ਉਸ ਨੇ ਮਿਲਣ ਦੀ ਇੱਛਾ ਜ਼ਾਹਿਰ ਕੀਤੀ। ਪੂਜਾ ਨੇ ਉਸਨੂੰ ਆਪਣਾ ਐਡਰੈਸ ਦੇ ਦਿੱਤਾ। ਉਸ ਤੋਂ ਬਾਅਦ ਕਰਨ ਪੂਜਾ ਨੂੰ ਮਿਲਣ ਦੇਹਰਾਦੂਨ ਜਾ ਪਹੁੰਚਿਆ। ਕਰਨ ਨੂੰ ਮਿਲ ਕੇ ਪੂਜਾ ਕਾਫ਼ੀ ਖੁਸ਼ ਹੋਈ। ਦਿਨ ਭਰ ਦੋਵੇਂ ਦੇਹਰਾਦੂਨ ਦੀਆਂ ਵਾਦੀਆਂ ਵਿੱਚ ਘੁੰਮੇ, ਕਰਨ ਨੂੰ ਮਿਲ ਕੇ ਪੂਜਾ ਕਾਫ਼ੀ ਖੁਸ਼ ਹੋਈ। ਰਾਤ ਨੂੰ ਕਰਨ ਪੂਜਾ ਦੇ ਕੋਲ ਰੁਕਿਆ। ਉਸ ਰਾਤ ਪੂਜਾ ਨੇ ਕਰਨ ਦੇ ਨਾਲ ਸੈਕਿੰਡ ਹਨੀਮੂਨ ਮਨਾਇਆ। ਉਸਨੂੰ ਇਹ ਹਨੀਮੂਨ ਪਹਿਲਾਂ ਵਾਲੇ ਤੋਂ ਜ਼ਿਆਦਾ ਚੰਗਾ ਲੱਗਿਆ। ਕਰਨ ਆਉਂਦਾ ਤਾਂ ਪੂਜਾ ਉਸ ਦਾ ਪੂਰਾ ਖਿਆਲ ਰੱਖਦੀ। ਉਹ ਉਸਨੂੰ ਆਪਣੀ ਦੇਹ ਦਾ ਸਵਾਦ ਹੀ ਨਹੀਂ ਚਖਾਉਂਦੀ, ਬਲਕਿ ਖਰਚ ਲਈ ਪੈਸੇ ਵੀ ਦਿੰਦੀ। ਕਹਿ ਸਕਦੇ ਹਾਂ ਕਿ ਪੂਜਾ ਦੇ ਰੂਪ ਵਿੱਚ ਕਰਨ ਨੂੰ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਮਿਲ ਗਈ ਸੀ। ਯਸ਼ਪਾਲ ਵੀ ਪੂਜਾ ਦੇ ਬਦਲ ਰਹੇ ਵਤੀਰੇ ਨੂੰ ਨੋਟ ਕਰ ਰਿਹਾ ਸੀ। ਉਸਨੂੰ ਕਿਸੇ ਨੇ ਸਲਾਹ ਦਿੱਤੀ ਕਿ ਉਹ ਨੌਕਰੀ ਛੱਡ ਦੇਵੇ ਅਤੇ ਦੇਹਰਾਦੂਨ ਵਿੱਚ ਕਿਸੇ ਕੰਪਨੀ ਵਿੱਚ ਅਪਲਾਈ ਕਰੇ। ਇਸ ਦਰਮਿਆਨ ਯਸ਼ਪਾਲ ਨੇ ਦੇਹਰਾਦੂਨ ਦੀ ਕੰਪਨੀ ਵਿੱਚ ਅਪਲਾਈ ਕੀਤਾ। ਉਧਰ ਪੂਜਾ ਪੂਰੀ ਤਰ੍ਹਾਂ ਕਰਨ ਨੂੰ ਦਿਲ ਤੋਂ ਉਤਾਰ ਚੁੱਕੀ ਸੀ। ਉਹ ਯਸ਼ਪਾਲ ਤੋਂ ਅਲੱਗ ਹੋ ਕੇ ਕਰਨ ਨਾਲ ਵਿਆਹ ਕਰਨ ਬਾਰੇ ਸੋਚਣ ਲੱਗੀ। ਕਰਨ ਵੀ ਉਸ ਨਾਲ ਵਿਆਹ ਕਰਨ ਲਈ ਤਿਆਰ ਸੀ। ਪਰ ਪੂਜਾ ਦੇ ਸਾਹਮਣੇ ਸਮੱਸਿਆ ਇਹ ਸੀ ਕਿ ਉਸ ਦੇ ਵਿਆਹੇ ਹੋਣ ਦੀ ਗੱਲ ਕਰਨ ਨੂੰ ਪਤਾ ਨਹੀਂ ਸੀ। ਪੂਜਾ ਯਸ਼ਪਾਲ ਨੂੰ ਤਲਾਕ ਦਿੱਤੇ ਬਿਨਾਂ ਉਸ ਨਾਲ ਵਿਆਹ ਨਹੀਂ ਕਰ ਸਕਦੀ ਸੀ। ਇਸੇ ਕਸ਼ਮਕਸ਼ ਵਿੱਚ ਅਚਾਨਕ ਉਸ ਦੇ ਮਨ ਵਿੱਚ ਆਇਆ ਕਿ ਕਿਉਂ ਨਾ ਕਰਨ ਨੂੰ ਸਾਫ਼ ਦੱਸ ਦਿੱਤਾ ਜਾਵੇ, ਸ਼ਾਇਦ ਉਹ ਕੋਈ ਰਸਤਾ ਕੱਢ ਦੇਵੇ। ਇਕ ਦਿਨ ਪੂਜਾ ਨੇ ਕਰਨ ਨੂੰ ਕਹਿ ਦਿੱਤਾ ਕਿ ਉਹ ਵਿਆਹੀ ਹੈ, ਉਸ ਦਾ ਪਤੀ ਇੰਦੌਰ ਵਿੱਚ ਨੌਕਰੀ ਕਰਦਾ ਹੈ। ਪੂਜਾ ਦੀ ਗੱਲ ਸੁਣ ਕੇ ਉਹ ਕੁਝ ਦੇਰ ਹੱਸਿਆ ਅਤੇ ਫ਼ਿਰ ਇਸ ਭਰਮ ਵਿੱਚੋਂ ਕੱਢਣ ਲਈ ਪੂਜਾ ਨੇ ਉਸ ਨੂੰ ਵਿਆਹ ਦੀ ਐਲਬਮ ਦਿਖਾਈ। ਚਾਲਕ ਪੂਜਾ ਨੇ ਫ਼ੇਸਬੁੱਕ ਤੇ ਯਸ਼ਪਾਲ ਅਤੇ ਕਰਨ ਦੀ ਦੋਸਤੀ ਕਰਵਾ ਦਿੱਤੀ। ਕਰਨ ਸ਼ਾਤਿਰ ਕਿਸਮ ਦਾ ਇਨਸਾਨ ਸੀ। ਉਸ ਨੇ ਯਸ਼ਪਾਲ ਨੂੰ ਆਪਣੀਆਂ ਮਿੱਠੀਆਂ ਗੱਲਾਂ ਵਿੱਚ ਫ਼ਸਾ ਲਿਆ। ਇਸ ਦਰਮਿਆਨ ਯਸ਼ਪਾਲ ਨੂੰ ਵੀ ਦੇਹਰਾਦੂਨ ਦੀ ਇਕ ਦਵਾਈ ਕੰਪਨੀ ਵਿੱਚ ਨੌਕਰੀ ਮਿਲ ਗਈ ਸੀ। ਉਸ ਨੇ 1 ਜੁਲਾਈ ਨੂੰ ਆਪਣੀ ਦੂਜੀ ਨੌਕਰੀ ਜੁਆਇਨ ਕੀਤੀ। ਇਹ ਸੂਚਨਾ ਮਿਲਣ ਤੇ ਯਸ਼ਪਾਲ ਕਾਫ਼ੀ ਖੁਸ਼ ਹੋਇਆ। ਹੁਣ ਉਹ ਪੂਜਾ ਦੇ ਨਾਲ ਰਹਿ ਸਕਦਾ ਸੀ। ਉਸ ਨੇ ਇਹ ਖਬਰ ਸਭ ਤੋਂ ਪਹਿਲਾਂ ਪੂਜਾ ਨੂੰ ਸੁਣਾਈ। ਪੂਜਾ ਇਹ ਸੁਣ ਕੇ ਹੈਰਾਨ ਰਹਿ ਗਈ। ਯਸ਼ਪਾਲ ਦੇ ਆਉਣ ਤੋਂ ਬਾਅਦ ਉਸਦਾ ਕਰਨ ਨੂੰ ਮਿਲਣਾ ਸੰਭਵ ਨਹੀਂ ਸੀ। ਉਹ ਕੁਝ ਦੇਰ ਤੱਕ ਚੁੱਪ ਰਹੀ। ਯਸ਼ਪਾਲ ਹੈਲੋ ਹੈਲੋ ਕਰਦਾ ਸੀ ਪਰ ਪੂਜਾ ਫ਼ੋਨ ਕੱਟ ਦਿੰਦੀ ਸੀ। ਯਸ਼ਪਾਲ ਨੂੰ ਪੂਜਾ ਦਾ ਵਤੀਰਾ ਸਮਝ ਨਹੀਂ ਆ ਰਿਹਾ ਸੀ। ਫ਼ਿਰ 20 ਜੂਨ ਨੂੰ ਯਸ਼ਪਾਲ ਦਾ ਜਨਮ ਦਿਨ ਆ ਗਿਆ। ਇਸ ਤੋਂ ਇਕ ਹਫ਼ਤਾ ਪਹਿਲਾਂ ਯਸ਼ਪਾਲ ਦਾ ਜਨਮ ਦਿਨ ਸੀ। ਉਸ ਤੋਂ ਬਾਅਦ ਹਫ਼ਤਾ ਪਹਿਲਾਂ ਪੂਜਾ ਨੇ ਯਸ਼ਪਾਲ ਨੂੰ ਫ਼ੋਨ ਕਰਕੇ ਕਿਹਾ, ਇਸ ਵਾਰ ਤੁਹਾਡੇ ਜਨਮ ਦਿਨ 'ਤੇ ਇਕ ਖਾਸ ਤੋਹਫ਼ਾ ਭੇਜਾਂਗੀ। ਤੋਹਫ਼ੇ ਦੀ ਗੱਲ ਸੁਣ ਕੇ ਯਸ਼ਪਾਲ ਖੁਸ਼ ਹੋ ਗਏ, ਉਹ ਪੂਜਾ ਤੋਂ ਤੋਹਫ਼ੇ ਬਾਰੇ ਪੁੱਛਦਾ ਰਿਹਾ ਪਰ ਉਸ ਨੇ ਕੁਝ ਨਹੀਂ ਦੱਸਿਆ। ਆਖਿਰ ਉਹ 20 ਜੂਨ ਦਾ ਇੰਤਜ਼ਾਰ ਕਰਨ ਲੱਗਿਆ।



20 ਜੂਨ ਨੂੰ ਸਵੇਰ ਦਾ ਵਕਤ ਸੀ। ਓਮਪ੍ਰਕਾਸ਼ ਚੌਧਰੀ ਆਪਣੇ ਕਮਰੇ ਵਿੱਚ ਸੁੱਤਾ ਸੀ। ਉਸ ਵਕਤ ਉਹਨਾਂ ਦਾ ਮੋਬਾਇਲ ਵੱਜਿਆ। ਆਵਾਜ਼ ਆਈ, ਅੰਕਲ, ਮੈਂ ਫ਼ੈਕਟਰੀ ਜਾਣ ਦੇ ਲਈ ਤਿਆਰ ਹਾਂ। ਇੱਧਰ ਬਾਹਰ ਤੋਂ ਕਿਸੇ ਨੇ ਮੇਰੇ ਕਮਰੇ ਦਾ ਦਰਵਾਜਾ ਬੰਦ ਕਰ ਦਿੱਤਾ ਹੈ, ਹਿਸ ਕਰਕੇ ਤੁਹਾਨੂੰ ਪ੍ਰੇਸ਼ਾਨ ਕੀਤਾ। ਉਹ ਬਾਹਰ ਨਿਕਲਿਆ ਅਤੇ ਵਿਵੇਕ ਦੇ ਕਮਰੇ ਵੱਲ ਚੱਲ ਪਿਆ। ਕਮਰੇ ਦੇ ਕੋਲ ਪਹੁੰਚ ਕੇ ਦੇਖਿਆ ਕਿ ਕਮਰਾ ਬਾਹਰ ਤੋਂ ਬੰਦ ਸੀ। ਉਸਨੇ ਦਰਵਾਜ਼ਾ ਖੋਲ੍ਹਿਆ ਅਤੇ ਵਿਵੇਕ ਨੇ ਡੱਬਾ ਚੁੱਕਿਆ ਅਤੇ ਬਾਹਰ ਨਿਕਲ ਗਿਆ। ਦੂਜੀ ਮੰਜ਼ਿਲ ਤੇ ਯਸ਼ਪਾਲ ਰਹਿੰਦਾ ਸੀ। ਉਹ 7 ਸਾਲਾਂ ਤੋਂ ਇੱਥੇ ਰਹਿ ਰਿਹਾ ਸੀ। ਉਪਰ ਪਹੁੰਚ ਕੇ ਦੇਖਿਆ ਕਿ ਯਸ਼ਪਾਲ ਦੇ ਕਮਰੇ ਦੀ ਬੱਤੀ ਜਗ ਰਹੀ ਹੈ, ਜਦਕਿ ਉਸ ਕਮਰੇ ਦੇ ਦਰਵਾਜ਼ੇ ਤੇ ਬਾਹਰੋਂ ਜਿੰਦਰਾ ਲੱਗਿਆ ਸੀ। ਖਿੜਕੀ ਤੋਂ ਅੰਦਰ ਝਾਕਦੇ ਦੇਖਿਆ ਕਿ ਯਸ਼ਪਾਲ ਬੈਡ ਤੇ ਸੁੱਤਾ ਪਿਆ ਸੀ। ਇਹ ਦੇਖ ਕੇ ਉਹ ਹੈਰਾਨ ਰਹਿ ਗਿਆ। ਉਸਨੇ ਤੁਰੰਤ ਵਿਵੇਕ ਨੂੰ ਆਵਾਜ਼ ਮਾਰੀ, ਉਹ ਦੌੜ ਕੇ ਆਇਆ। ਉਸ ਨੇ ਵੀ ਖਿੜਕੀ ਤੋਂ ਝਾਕ ਕੇ ਦੇਖਿਆ, ਦੋਵਾਂ ਨੇ ਗੌਰ ਨਾਲ ਦੇਖਿਆ ਤਾਂ ਉਹਨਾਂ ਨੂੰ ਲੱਗਿਆ ਕਿ ਸ਼ਯਸ਼ਪਾਲ ਦੇ ਮੂੰਹ ਤੋਂ ਝੱਗ ਨਿਕਲ ਰਹ ਸੀ। ਮਾਮਲਾ ਪੁਲਿਸ ਦਾ ਸੀ। ਇਸ ਕਰਕੇ ਪੁਲਿਸ ਨੂੰ ਸੂਚਨਾ ਦਿੱਤੀ ਅਤੇ ਪੁਲਿਸ ਆ ਗਈ। ਜਿੰਦਰਾ ਤੋੜ ਕੇ ਪੁਲਿਸ ਨੇ ਕਮਰੇ ਵਿੱਚ ਦੇਖਿਆ ਤਾਂ ਯਸ਼ਪਾਲ ਦੇ ਮੂੰਹ ਵਿੱਚ ਰੂੰਈ ਫ਼ਸਾਈ ਹੋਈ ਸੀ। ਯਸ਼ਪਾਲ ਦੀ ਕਈ ਘੰਟੇ ਪਹਿਲਾਂ ਮੌਤ ਹੋ ਚੁੱਕੀ ਸੀ। ਲਾਸ਼ ਦਾ ਬਰੀਕੀ ਨਾਲ ਨਿਰੀਖਣ ਕੀਤਾ ਤਾਂ ਗਲੇ ਤੇ ਨਿਸ਼ਾਨ ਦਿਖਾਈ ਦਿੱਤੇ। ਜਿਸ ਤੋਂ ਲੱਗਿਆ ਕਿ ਉਸ ਦੀ ਹੱਤਿਆ ਕੀਤੀ ਗਈ ਹੈ। ਪੁਲਿਸ ਨੇ ਪਰਚਾ ਦਰਜ ਕਰ ਲਿਆ। ਕਮਰੇ ਦੀ ਤਲਾਸ਼. ਲਈ ਤਾਂ ਉਸ ਵਿੱਚ ਕਈ ਬੀਅਰ ਦੀਆਂ ਬੋਤਲਾਂ, ਨਮਕੀਨ, ਚਿਪਸ ਆਦਿ ਖੁੱਲ੍ਹੇ ਪੈਕਟ ਮਿਲੇ। ਮਕਾਨ ਮਾਲਕ ਓਮਪ੍ਰਕਾਸ਼ ਨੇ ਦੱਸਿਆ ਕਿ ਮਕਾਨ ਦੇ ਗੇਟ ਦੀਆਂ ਚਾਬੀਆਂ ਕਿਰਾਏਦਾਰ ਦੇ ਕੋਲ ਹਿੰਦੀਆਂ ਸਨ ਜੋ ਵੀ ਲੇਟ ਆਉਂਦਾ, ਉਹ ਗੇਟ ਖੋਲ੍ਹ ਕੇ ਅੰਦਰ ਆ ਜਾਂਦਾ ਸੀ। ਉਹ ਰਾਤ ਨੂੰ ਅਕਸਰ ਦਰਵਾਜ਼ਾ ਬੰਦ ਕਰ ਦਿੰਦੇ ਸਨ। ਬੀਤੀ ਰਾਤ ਜਦੋਂ ਉਹ ਦਰਵਾਜ਼ਾ ਬੰਦ ਕਰਨ ਲੱਗੇ ਤਾਂ ਯਸ਼ਪਾਲ ਨੇ ਕਿਹਾ ਕਿ ਰਾਤ ਨੂੰ ਉਸ ਦਾ ਭਰਾ ਆਉਣ ਵਾਲਾ ਹੈ। ਇਸ ਕਰਕੇ ਦਰਵਾਜਾ ਬੰਦ ਨਾ ਕਰਨ। ਸਵੇਰੇ ਵਿਵੇਕ ਨੇ ਉਸ ਨੂੰ ਜਗਾਇਆ ਅਤੇ ਦੱਸਿਆ ਕਿ ਕਮਰੇ ਦਾ ਦਰਵਾਜਾ ਬਾਹਰ ਤੋਂ ਬੰਦ ਹੈ। ਯਸ਼ਪਾਲ ਨਾਲ ਕੰਮ ਕਰਨ ਵਾਲਿਆਂ ਤੋਂ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਯਸ਼ਪਾਲ ਨਿਹਾਇਤ ਹੀ ਸ਼ਰੀਫ਼ ਅਤੇ ਨੇਕ ਦਿਲ ਇਨਸਾਨ ਸੀ। ਉਹ ਆਪਣੀ ਪਤਨੀ ਪੂਜਾ ਨੂੰ ਬਹੁਤ ਪਿਆਰ ਕਰਦਾ ਸੀ। ਪੂਜਾ ਨੂੰ ਦਿਲ ਦੀ ਸਮੱਸਿਆ ਸੀ, ਇਸ ਦੇ ਬਾਵਜੂਦ ਉਹ ਉਸ ਨੂੰ ਦਿਲੋਂ ਚਾਹੁੰਦਾ ਸੀ। ਇਸੇ ਵਿੱਚਕਾਰ ਪੁਲਿਸ ਨੇ ਫ਼ੋਨ ਕਾਲ ਡਿਟੇਲਾਂ ਕਢਵਾਈਆਂ ਤਾਂ ਘਟਨਾ ਦੀ ਰਾਤ ਨੂੰ ਉਸ ਦੀ ਇਕ ਨੰਬਰ ਤੇ ਕਈ ਵਾਰ ਗੱਲ ਹੋਈ ਸੀ। ਉਸ ਨੰਬਰ ਦੀ ਲੁਕੇਸ਼ਨ ਰਾਜਸਥਾਨ ਦੇ ਹਨੂਮਾਨਗੜ੍ਹ ਦੀ ਮਿਲ ਰਹੀ ਸੀ। ਜਦਕਿ ਘਟਨਾ ਵਾਲੀ ਰਾਤ ਨੂੰ ਉਸ ਦੀ ਲੁਕੇਸ਼ਨ ਰਾਉ ਦੇ ਆਸ ਪਾਸ ਸੀ। ਉਹ ਨੰਬਰ ਕਰਨ ਸਿੰਘ ਸਿੱਧੂ ਦੇ ਨਾਂ ਸੀ। ਪੁਲਿਸ ਹਨੂਮਾਨਗੜ੍ਹ ਰਵਾਨਾ ਹੋ ਗਈ। ਅਗਲੇ ਦਿਨ ਯਸ਼ਪਾਲ ਦੇ ਭਰਾ ਅਤੇ ਮਾਪੇ ਆ ਗਏ। ਕਰਨ ਸਿੰਘ ਨੂੰ ਪਕੜ ਲਿਆਂਦਾ ਅਤੇ ਉਸ ਦੀ ਪਤਨੀ ਪੂਜਾ ਨੂੰ ਵੀ ਪਕੜ ਲਿਆ। ਪੂਜਾ ਨੇ ਪੁਲਿਸ ਨੂੰ ਦੱਸਿਆ ਕਿ ਇਕ ਹਫ਼ਤਾ ਪਹਿਲਾਂ ਜਦੋਂ ਯਸ਼ਪਾਲ ਦਾ ਫ਼ੋਨ ਆਇਆ ਕਿ ਉਹ ਹੁਣ ਦੇਹਰਾਦੂਨ ਹੀ ਰਹਿ ਸਕੇਗਾ ਤਾਂ ਉਸ ਦੀ ਸਮੱਸਿਆ ਵੱਧ ਗਈ ਕਿਉਂਕਿ ਉਹ ਕਰਨ ਨੂੰ ਚਾਹੁੰਦੀ ਸੀ। ਇਸ ਕਰਕੇ ਮਨਹੀ ਮਨ ਸੋਚਿਆ ਕਿ ਯਸ਼ਪਾਲ ਨੂੰ ਦੇਹਰਾਦੂਨ ਪਹੁੰਚਣ ਤੋਂ ਪਹ

ਸੰਪਾਦਕੀ

ਕਿਸਾਨਾਂ ਦੀ ਆਮਦਨ ਅਤੇ ਖੇਤੀ ਸੰਕਟ

ਪਿਛਲੇ ਕਰੀਬ 25 ਸਾਲਾਂ ਜਾਂ ਇਸ ਤੋਂ ਵੀ ਵੱਧ ਸਮੇਂ ਤੋਂ ਲਗਭੱਗ ਹਰ ਵਿੱਤ ਮੰਤਰੀ ਨੇ ਆਪਣਾ ਬਜਟ ਭਾਸ਼ਣ ਇਸ ਗੱਲ 'ਤੇ ਜ਼ੋਰ ਦਿੰਦਿਆਂ ਸ਼ੁਰੂ ਕੀਤਾ ਕਿ ਖੇਤੀਬਾੜੀ ਦੀ ਭਾਰਤੀ ਅਰਥਵਿਵਸਥਾ 'ਚ ਮਹੱਤਵਪੂਰਨ ਭੂਮਿਕਾ ਹੈ। 'ਕਿਸਾਨ ਦੀ ਆਜ਼ਾਦੀ' ਤੋਂ ਲੈ ਕੇ 'ਦੇਸ਼ ਦੇ ਅਰਥਚਾਰੇ ਦੀ ਜੀਵਨ ਰੇਖਾ' ਤੱਕ ਕਈ ਵਿਸ਼ੇਸ਼ਣ ਬਜਟ ਦੀਆਂ ਤਜਵੀਜ਼ਾਂ 'ਤੇ ਧਿਆਨ ਕੇਂਦਰਿਤ ਕਰਾਉਣ ਲਈ ਵਰਤੇ ਗਏ ਹਨ। ਅਰੁਣ ਜੇਤਲੀ ਨੇ ਖੇਤੀ ਆਮਦਨ ਵਧਾਉਣ ਦੀ ਗੱਲ ਕੀਤੀ ਸੀ ਤੇ ਇਸ ਨੂੰ ਸਰਕਾਰ ਦੀਆਂ ਪੰਜ ਸਿਖਰਲੀਆਂ ਤਰਜੀਹਾਂ 'ਚ ਰੱਖਿਆ ਸੀ। ਨਿਰਮਲਾ ਸੀਤਾਰਾਮਨ ਨੇ ਵੀ ਆਪਣੀਆਂ ਨੌਂ ਤਰਜੀਹਾਂ 'ਚ ਖੇਤੀਬਾੜੀ ਨੂੰ ਉੱਤੇ ਰੱਖ ਕੇ ਇਸ ਨੂੰ ਬਣਦੀ ਮਾਨਤਾ ਦਿੱਤੀ ਹੈ। ਲਗਭੱਗ ਹਰ ਬਜਟ 'ਚ ਖੇਤੀਬਾੜੀ ਨੂੰ ਦਿੱਤੇ ਹੁਲਾਰੇ ਮੁਤਾਬਿਕ ਤਾਂ ਹੁਣ ਤੱਕ ਦਿਹਾਤੀ ਅਰਥਵਿਵਸਥਾ ਦੀ ਕਾਇਆ ਕਲਪ ਹੋ ਜਾਣੀ ਚਾਹੀਦੀ ਸੀ ਪਰ ਇੰਨਾ ਧਿਆਨ ਦੇਣ ਦੇ ਬਾਵਜੂਦ ਇੱਕ ਵਾਰ ਵੀ ਅਜਿਹਾ ਨਹੀਂ ਲੱਗਾ ਕਿ ਖੇਤੀਬਾੜੀ ਮੁੜ ਉਭਾਰ ਦੇ ਰਾਹ 'ਤੇ ਹੈ। ਇਸ ਦਾ ਕਾਰਨ ਹੈ ਕਿ ਭਾਵੇਂ ਬੁਨਿਆਦੀ ਤੌਰ 'ਤੇ ਜ਼ੋਰ ਹਮੇਸ਼ਾ ਫ਼ਸਲ ਦੀ ਉਤਪਾਦਕਤਾ ਵਧਾਉਣ 'ਤੇ ਰਿਹਾ ਹੈ - ਇਸ ਆਸ 'ਚ ਕਿ ਇਸ ਨਾਲ ਕਿਸਾਨਾਂ ਨੂੰ ਵਧੀਆ ਭਾਅ ਤੇ ਚੰਗੀ ਆਮਦਨੀ ਮਿਲੇਗੀ ਪਰ ਖੇਤੀ ਸੰਕਟ ਵਧਿਆ ਹੀ ਹੈ। ਜੇਕਰ ਸਫਲ ਹਰੀ ਕ੍ਰਾਂਤੀ ਤੋਂ ਬਾਅਦ ਅਤੇ ਹਰ ਤਰ੍ਹਾਂ ਦੀ ਮਾਲੀ ਇਮਦਾਦ ਦੇ ਬਾਵਜੂਦ ਖੇਤੀ ਨਾਲ ਜੁੜੇ ਪਰਿਵਾਰ ਦੀ ਪ੍ਰਤੀ ਮਹੀਨਾ ਔਸਤ ਆਮਦਨੀ ਕਰੀਬ 10218 ਰੁਪਏ ਤੱਕ ਹੀ ਪਹੁੰਚੀ ਹੈ ਤਾਂ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਖੇਤੀ 'ਤੇ ਗੰਭੀਰ ਸੰਕਟ ਦਾ ਸਾਇਆ ਹੈ। ਜ਼ਮੀਨੀ ਹਕੀਕਤ 'ਤੇ ਨਿਗ ?ਹਾ ਮਾਰਦੇ ਹਾਂ: ਅਧਿਕਾਰਤ ਅਨੁਮਾਨਾਂ ਮੁਤਾਬਿਕ ਕਰਨਾਟਕ ਵਿੱਚ ਪਿਛਲੇ 15 ਮਹੀਨਿਆਂ ਦੌਰਾਨ ਕਰੀਬ 1182 ਕਿਸਾਨ ਖ਼ੁਦਕੁਸ਼ੀ ਕਰ ਕੇ ਮਰੇ ਹਨ। ਮਹਾਰਾਸ਼ਟਰ ਵਿੱਚ ਇਸ ਸਾਲ ਜਨਵਰੀ ਤੋਂ ਜੂਨ ਤੱਕ 1267 ਕਿਸਾਨਾਂ ਨੇ ਆਪਣੀ ਜਾਨ ਲਈ ਹੈ ਜਿੱਥੇ ਅਮਰਾਵਤੀ ਡਿਵੀਜ਼ਨ ਦੇ ਇਕੱਲੇ ਵਿਦਰਭ ਇਲਾਕੇ 'ਚ ਹੀ ਅਜਿਹੇ 557 ਕੇਸ ਸਾਹਮਣੇ ਆਏ ਹਨ। ਕਿਸਾਨ ਖ਼ੁਦਕੁਸ਼ੀਆਂ ਕੋਈ ਨਵਾਂ ਵਰਤਾਰਾ ਨਹੀਂ। ਕੌਮੀ ਅਪਰਾਧ ਰਿਕਾਰਡ ਬਿਊਰੋ ਦੀ ਇਕੱਠੀ ਕੀਤੀ ਜਾਣਕਾਰੀ ਪਿਛਲੇ 27 ਸਾਲਾਂ 'ਚ ਕਿਸਾਨ ਖ਼ੁਦਕੁਸ਼ੀਆਂ ਦਾ ਵੱਡਾ ਅੰਕੜਾ ਪੇਸ਼ ਕਰਦੀ ਹੈ। ਪਿਛਲੇ 25 ਸਾਲਾਂ 'ਚ ਖੇਤੀਬਾੜੀ ਲਈ ਬਜਟ ਵਿਚ ਗੁੰਜਾਇਸ਼ ਵਧੀ ਹੈ। 1995 ਤੋਂ 2014 ਦਰਮਿਆਨ 2,96,438 ਕਾਸ਼ਤਕਾਰਾਂ ਨੇ ਖ਼ੁਦਕੁਸ਼ੀ ਵਰਗਾ ਗੰਭੀਰ ਕਦਮ ਚੁੱਕਿਆ। 2014 ਤੋਂ 2022 ਤੱਕ 1,00,474 ਕਿਸਾਨਾਂ ਨੇ ਆਤਮ ਹੱਤਿਆ ਕੀਤੀ ਹੈ। ਸਾਧਾਰਨ ਸ਼ਬਦਾਂ 'ਚ ਕਿਹਾ ਜਾਵੇ ਤਾਂ 1995 ਤੋਂ 2022 ਤੱਕ ਕਰੀਬ ਚਾਰ ਲੱਖ ਕਿਸਾਨਾਂ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕੀਤੀ ਹੈ ਤੇ ਉਹ ਵੀ ਅਜਿਹੇ ਸਮਿਆਂ 'ਚ ਜਦੋਂ ਹਰ ਸਾਲ ਬਜਟ 'ਚ ਖੇਤੀਬਾੜੀ ਦੀ ਦਸ਼ਾ ਬਦਲਣ ਦਾ ਵਾਅਦਾ ਕੀਤਾ ਗਿਆ। ਬਜਟ 'ਚ ਰੱਖੀ ਰਾਸ਼ੀ ਤੇ ਲਗਾਤਾਰ ਜਾਰੀ ਖੇਤੀ ਸੰਕਟ ਵਿਚਲਾ ਫ਼ਰਕ ਪ੍ਰਤੱਖ ਨਜ਼ਰ ਆਉਂਦਾ ਹੈ। ਤਿਲੰਗਾਨਾ ਹੁਣ ਖੇਤੀ ਕਰਜ਼ੇ ਮੁਆਫ਼ ਕਰਨ ਦੇ ਦੂਜੇ ਗੇੜ ਵਿੱਚ ਹੈ। ਇਹ 6.4 ਲੱਖ ਕਿਸਾਨਾਂ ਵੱਲ ਬਕਾਇਆ 6198 ਕਰੋੜ ਰੁਪਏ ਦੇ ਕਰਜ਼ੇ 'ਤੇ ਲੀਕ ਮਾਰੇਗਾ ਤੇ ਹਰ ਕਰਜ਼ਦਾਰ ਕਾਸ਼ਤਕਾਰ ਨੂੰ 1.5 ਲੱਖ ਰੁਪਏ ਦੀ ਕਰਜ਼ਾ ਮੁਆਫ਼ੀ ਮਿਲੇਗੀ। ਪਹਿਲੇ ਗੇੜ 'ਚ 11.34 ਲੱਖ ਕਿਸਾਨਾਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ 6190 ਕਰੋੜ ਰੁਪਏ ਮਿਲੇ ਸਨ। ਤੀਜਾ ਗੇੜ ਜੋ ਇਸੇ ਮਹੀਨੇ ਸ਼ੁਰੂ ਹੋ ਰਿਹਾ ਹੈ, ਤਹਿਤ 17.75 ਲੱਖ ਕਿਸਾਨਾਂ ਨੂੰ 12224 ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਮਿਲੇਗੀ। ਕੁੱਲ ਮਿਲਾ ਕੇ ਰਾਜ ਵਿੱਚ 35.5 ਲੱਖ ਕਿਸਾਨਾਂ ਨੂੰ ਕਰਜ਼ਾ ਮੁਕਤੀ ਦਿੱਤੀ ਜਾ ਰਹੀ ਹੈ। ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ (ਓਈਸੀਡੀ) ਦੇ ਹਾਲੀਆ ਆਲਮੀ ਮੁਲਾਂਕਣ ਮੁਤਾਬਿਕ 54 ਵੱਡੇ ਅਰਥਚਾਰਿਆਂ 'ਚ ਉਤਪਾਦਕ ਸਬਸਿਡੀ ਸਹਾਇਤਾ ਕੰਮ ਆਈ ਹੈ, ਸਿਰਫ਼ ਭਾਰਤ ਦੇ ਮਾਮਲੇ 'ਚ ਕਿਸਾਨ ਆਪਣੇ ਨੁਕਸਾਨ ਦੀ ਪੂਰਤੀ ਕਰਨ ਲਈ ਢੁੱਕਵੀਂ ਮਾਇਕ ਸਹਾਇਤਾ ਤੋਂ ਵਾਂਝੇ ਰਹਿ ਗਏ ਹਨ। ਰਿਪੋਰਟ ਦੱਸਦੀ ਹੈ ਕਿ ਭਾਰਤੀ ਕਿਸਾਨ ਸੰਨ 2000 ਤੋਂ ਬਾਅਦ ਸਾਲ-ਦਰ-ਸਾਲ ਘਾਟਾ ਸਹਿ ਰਹੇ ਹਨ। ਕੀ ਅਰਥਚਾਰੇ ਦਾ ਕੋਈ ਹੋਰ ਸੈਕਟਰ ਇਸ ਤਰ੍ਹਾਂ ਲਗਾਤਾਰ ਨੁਕਸਾਨ ਸਹਿ ਕੇ ਆਪਣੀ ਹੋਂਦ ਬਚਾ ਸਕਿਆ ਹੈ? ਅਸੀਂ ਕਾਰਜ ਵਿਧੀ 'ਚ ਭਾਵੇਂ ਕੋਈ ਖਾਮੀ ਲੱਭ ਸਕਦੇ ਹਾਂ ਪਰ ਤੱਥ ਇਹੀ ਹੈ ਕਿ ਉਤਪਾਦਕਤਾ ਤੇ ਪੈਦਾਵਾਰ ਵਧਾਉਣ ਲਈ ਤਕਨੀਕ ਜਾਂ ਹੋਰਨਾਂ ਸਕੀਮਾਂ 'ਚ ਕਿਸੇ ਵੀ ਪੱਧਰ ਤੱਕ ਦੇ ਪੂੰਜੀ ਨਿਵੇਸ਼ ਦੇ ਬਾਵਜੂਦ ਕਿਸਾਨਾਂ ਦੀ ਆਮਦਨ ਨਹੀਂ ਵਧ ਸਕੀ ਹੈ। ਇਹ ਕਿਤੇ ਵੀ ਨਹੀਂ ਵਾਪਰਿਆ। ਓਈਸੀਡੀ ਦਾ ਅਧਿਐਨ ਇਸ ਦੀ ਗਵਾਹੀ ਭਰਦਾ ਹੈ। ਇਸੇ ਨੂੰ ਮੈਂ 'ਵਾਇਆ ਬਠਿੰਡਾ' ਪਹੁੰਚ ਕਹਿੰਦਾ ਹਾਂ। ਖੇਤੀ ਆਮਦਨੀਆਂ ਵਧਾਉਣ ਲਈ ਸਿੱਧਾ ਯਤਨ ਕਿਉਂ ਨਹੀਂ ਕੀਤਾ ਜਾ ਸਕਦਾ, ਬਜਾਇ ਕਿ ਇਸ ਨੂੰ 'ਇਨਪੁਟ ਸਪਲਾਇਰ' ਜਾਂ ਤਕਨੀਕੀ ਮਾਧਿਅਮਾਂ ਰਾਹੀਂ ਕੀਤਾ ਜਾਵੇ। ਇਹ ਪਹੁੰਚ ਨਾ ਤਾਂ ਅਤੀਤ 'ਚ ਕੰਮ ਆਈ ਹੈ ਤੇ ਨਾ ਹੀ ਭਵਿੱਖ 'ਚ ਆਵੇਗੀ। ਅਧਿਐਨ ਦੱਸਦੇ ਹਨ ਕਿ 'ਇਨਪੁਟ ਸਪਲਾਇਰ' (ਬੀਜ, ਖਾਦਾਂ ਤੇ ਉਪਕਰਨ ਉਪਲਬਧ ਕਰਾਉਣ ਵਾਲੇ) ਮੁਨਾਫ਼ਾ ਕਮਾਉਂਦੇ ਹਨ; ਕਿਸਾਨ ਇੱਥੇ ਵੀ ਹੇਠਲੇ ਪੱਧਰ 'ਤੇ ਹੀ ਰਹਿ ਜਾਂਦੇ ਹਨ। ਸਪਲਾਈ ਲੜੀਆਂ ਦੇ ਪੱਖ ਤੋਂ ਵੀ ਆਖਿ ?ਰੀ ਮੁਨਾਫਿਆਂ 'ਚ ਕਾਸ਼ਤਕਾਰਾਂ ਦਾ ਹਿੱਸਾ ਮਹਿਜ਼ 5-10 ਪ੍ਰਤੀਸ਼ਤ ਜਾਂ ਇਸ ਤੋਂ ਵੀ ਘੱਟ ਹੁੰਦਾ ਹੈ। ਯੂਕੇ ਦੀ ਹਾਲੀਆ ਰਿਪੋਰਟ ਮੁਤਾਬਿਕ, ਭਾਵੇਂ 2021 ਵਿੱਚ ਸਟਰਾਅਬੈਰੀ ਤੇ ਰੈਸਪਬੈਰੀਆਂ ਦੇ ਮੰਡੀਕਰਨ ਤੋਂ ਹੋਣ ਵਾਲਾ ਪ੍ਰਚੂਨ ਮੁਨਾਫ਼ਾ 27 ਪੈਂਸ ਵਧਿਆ ਪਰ ਕਿਸਾਨ ਦਾ ਹਿੱਸਾ ਇਸ 'ਚ ਸਿਰਫ਼ 3.5 ਪੈਂਸ ਹੀ ਸੀ। ਇਸ ਤੋਂ ਪਹਿਲਾਂ ਵੀ ਕੁਝ ਅਧਿਐਨਾਂ ਵਿੱਚ ਸਾਹਮਣੇ ਆਇਆ ਸੀ ਕਿ ਖ਼ਪਤਕਾਰ ਰੋਜ਼ਾਨਾ ਵਰਤੋਂ 'ਚ ਆਉਣ ਵਾਲੀਆਂ ਜਿਹੜੀਆਂ ਛੇ ਜ਼ਰੂਰੀ ਵਸਤਾਂ 'ਤੇ ਨਿਰਭਰ ਕਰਦੇ ਹਨ, ਉਨ੍ਹਾਂ 'ਚੋਂ ਕਿਸਾਨਾਂ ਨੂੰ ਸਿਰਫ਼ ਇੱਕ ਪ੍ਰਤੀਸ਼ਤ ਪ੍ਰਚੂਨ ਲਾਭ ਹੁੰਦਾ ਹੈ। ਇਸ ਲਈ ਹਾਲੀਆ ਬਜਟ 'ਚ ਸਪਲਾਈ ਲੜੀਆਂ ਮਜ਼ਬੂਤ ਕਰਨ 'ਤੇ ਦਿੱਤਾ ਗਿਆ ਜ਼ੋਰ ਤਾਂ ਹੀ ਲਾਭਦਾਇਕ ਹੋਵੇਗਾ ਜੇਕਰ ਮੂਲ ਉਤਪਾਦਕ ਨੂੰ ਉਸ ਦੇ ਹਿੱਸੇ ਦੀ ਗਰੰਟੀ ਮਿਲੇਗੀ। ਬਜਟ 'ਚ ਖੇਤੀ ਖੇਤਰ ਲਈ ਕੁੱਲ ਬਜਟ ਦਾ ਮਹਿਜ਼ 3.15 ਪ੍ਰਤੀਸ਼ਤ ਪੈਸਾ ਰੱਖਣਾ, ਉਹ ਵੀ ਉਦੋਂ ਜਦ ਦੇਸ਼ ਦੀ ਲਗਭਗ ਅੱਧੀ ਆਬਾਦੀ ਦਾ ਰੁਜ਼ਗਾਰ ਖੇਤੀ ਹੋਵੇ, ਇਸ ਤੋਂ ਕੋਈ ਜਿ ?ਆਦਾ ਪ੍ਰਾਪਤੀ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਇਸ ਸਾਲ ਖੇਤੀ ਖੇਤਰ ਲਈ 1.52 ਲੱਖ ਕਰੋੜ ਰੁਪਏ ਰੱਖੇ ਹਨ। ਪਿਛਲੇ ਸਾਲ ਦੇ ਮੁਕਾਬਲੇ ਇਜ਼ਾਫ਼ਾ ਭਾਵੇਂ 26000 ਕਰੋੜ ਰੁਪਏ ਜਿ ?ਆਦਾ ਹੈ ਪਰ ਲਾਜ਼ਮੀ ਤੌਰ 'ਤੇ ਇਹ ਗੈਰ-ਯੋਜਨਾਬੱਧ ਖ਼ਰਚਿਆਂ ਲਈ ਹਨ। ਇਹ ਦੇਖਦਿਆਂ ਕਿ ਖੇਤੀ ਬਜਟ ਵਿੱਚ 60000 ਕਰੋੜ ਰੁਪਏ ਦੀ ਉਹ ਮੱਦ ਵੀ ਸ਼ਾਮਿਲ ਹੈ ਜੋ ਪ੍ਰਧਾਨ ਮੰਤਰੀ ਕਿਸਾਨ ਸਕੀਮ ਲਈ ਹੈ ਅਤੇ ਜਿਸ ਤਹਿਤ ਲਾਭਪਾਤਰੀ ਕਿਸਾਨ ਦੇ ਬੈਂਕ ਖਾਤੇ ਵਿੱਚ ਪ੍ਰਤੀ ਮਾਹ 500 ਰੁਪਏ ਦਿੱਤੇ ਜਾਂਦੇ ਹਨ, ਫਿਰ ਤਾਂ ਖੇਤੀ ਬਜਟ ਲਈ ਕੇਵਲ 92000 ਕਰੋੜ ਰੁਪਏ ਹੀ ਬਚਦੇ ਹਨ। ਕੋਈ ਹੈਰਾਨੀ ਨਹੀਂ ਕਿ ਪਰਿਵਾਰਕ ਖ਼ਪਤ ਖ਼ਰਚ ਸੂਚਕ ਅੰਕ 2022-23 ਸਾਨੂੰ ਦੱਸਦਾ ਹੈ ਕਿ ਦਿਹਾਤੀ ਖੇਤਰ ਵਿੱਚ ਇੱਕ ਪਰਿਵਾਰ ਦਾ ਮਾਸਿਕ ਔਸਤਨ ਖ਼ਰਚ ਮਹਿਜ਼ 3268 ਰੁਪਏ ਹੈ। ਜੇਕਰ ਖੇਤੀ ਤੋਂ ਆਮਦਨੀ ਕਾਰਗਰ ਨਹੀਂ ਹੋਵੇਗੀ ਤਾਂ ਜ਼ਾਹਿਰ ਹੈ ਕਿ ਪੇਂਡੂ ਇਲਾਕਿਆਂ ਵਿੱਚ ਲੋਕ ਖ਼ਰੀਦ ਕਰਨ 'ਤੇ ਘੱਟ ਪੈਸੇ ਖ਼ਰਚਣਗੇ। ਇਸ ਲਈ ਖੇਤੀ ਖੇਤਰ ਬਾਰੇ ਗੰਭੀਰ ਹੋ ਕੇ ਨਵੇਂ ਸਿਰਿਓਂ ਵਿਚਾਰ ਕਰਨ ਦੀ ਲੋੜ ਹੈ। ਸਭ ਤੋਂ ਪਹਿਲਾਂ ਰੋਜ਼ੀ-ਰੋਟੀ ਜਿਹੇ ਮੁੱਦੇ ਦੇ ਹੱਲ ਦੀ ਬੇਹੱਦ ਲੋੜ ਹੈ ਤਾਂ ਕਿ ਖੇਤੀ ਆਮਦਨੀ ਸਮਾਜ ਦੇ ਹੋਰਨਾਂ ਵਰਗਾਂ ਦੇ ਪੱਧਰ ਤੱਕ ਪਹੁੰਚ ਸਕੇ। ਮੇਰਾ ਸੁਝਾਅ ਹੈ ਕਿ ਕਿਸਾਨਾਂ ਦੀ ਆਮਦਨੀ ਅਤੇ ਭਲਾਈ ਲਈ ਕੌਮੀ ਕਮਿਸ਼ਨ ਕਾਇਮ ਕੀਤਾ ਜਾਵੇ ਜੋ ਤੈਅ ਸਮਾਂ ਸੀਮਾ 'ਚ ਖੇਤੀ ਤੋਂ ਆਮਦਨੀ ਵਧਾਉਣ ਦੇ ਵਿਸ਼ੇਸ਼ ਢੰਗ-ਤਰੀਕੇ ਦੱਸੇ। ਇਸ ਦੀ ਸ਼ੁਰੂਆਤ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਲਈ ਕਾਨੂੰਨੀ ਢਾਂਚਾ ਯਕੀਨੀ ਬਣਾਉਣ ਤੋਂ ਕੀਤੀ ਜਾ ਸਕਦੀ ਹੈ।

ਹਿਮਾਚਲ ਲਈ ਸੁੱਖੂ ਦਾ ਦਲੇਰਾਨਾ ਫ਼ੈਸਲਾ

ਜਯੋਤੀ ਮਲਹੋਤਰਾ

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਹਿੰਦੀ ਭਾਸ਼ਾਈ ਖੇਤਰ ਦੇ ਅਲੰਕਾਰ 'ਰਾਜਾ ਰੰਕ' ਤੋਂ ਤਾਂ ਜਾਣੂ ਹੀ ਹੋਣਗੇ ਜੋ ਉਨ੍ਹਾਂ ਲੋਕਾਂ ਵਿਚਾਲੇ ਫ਼ਰਕ ਨੂੰ ਦਰਸਾਉਂਦਾ ਹੈ ਜਿਹੜੇ ਮੂੰਹ 'ਚ ਚਾਂਦੀ ਦੇ ਚਮਚੇ ਨਾਲ ਜੰਮਦੇ ਹਨ ਤੇ ਦੂਜੇ ਉਹ ਹਨ ਜਿਨ੍ਹਾਂ ਦੇ ਮਾਪੇ ਰੋਟੀ ਲਈ ਦਿਨ-ਰਾਤ ਸਖ਼ਤ ਮਿਹਨਤ ਕਰਦੇ ਹਨ। ਇਸ ਮਾਰਚ ਮਹੀਨੇ ਜਦੋਂ ਕਾਂਗਰਸੀ ਵਿਧਾਇਕ ਵਿਕਰਮਾਦਿੱਤਿਆ ਸਿੰਘ ਨੇ ਸੁੱਖੂ ਵਿਰੁੱਧ ਬਗ਼ਾਵਤ ਕੀਤੀ ਅਤੇ ਰਾਜ ਸਰਕਾਰ ਨੂੰ ਲਗਭਗ ਡਿੱਗਣ ਕੰਢੇ ਲਿਆ ਖੜ੍ਹਾ ਕੀਤਾ ਸੀ ਤਾਂ ਸ਼ਿਮਲੇ ਦੇ ਜਨਤਕ ਅਤੇ ਪ੍ਰਾਈਵੇਟ ਦਾਇਰਿਆਂ 'ਚ ਇਸ ਬਾਰੇ ਘੁਸਰ-ਮੁਸਰ ਹੁੰਦੀ ਰਹੀ ਹੋਵੇਗੀ- ਸਰਦ ਰੁੱਤ 'ਚ ਬਾਗ਼ੀ ਅਤੇ ਵਫ਼ਾਦਾਰ ਧੜਿਆਂ 'ਚ ਵੀ ਇਸ ਬਾਰੇ ਇਸ਼ਾਰਿਆਂ 'ਚ ਗੱਲ ਚੱਲੀ ਹੋਵੇਗੀ।

ਸੰਕਟ ਟਾਲਣ ਲਈ ਦੱਖਣ ਭਾਰਤੀ ਕਾਂਗਰਸ ਲੀਡਰਸ਼ਿਪ ਦੇ ਚਤੁਰ ਹੱਥਕੰਡਿਆਂ ਦੀ ਮਦਦ ਲੈਣੀ ਪਈ। ਹਿਮਾਚਲ ਦੇ ਛੇ ਵਾਰ ਦੇ ਮੁੱਖ ਮੰਤਰੀ ਤੇ ਕਿਸੇ ਸਮੇਂ ਰਿਆਸਤ ਰਹੀ ਬੁਸ਼ਹਿਰ ਦੇ ਰਾਜਾ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਉਡੀਕਦੇ ਰਹੇ ਕਿ ਜਨ ਸਾਧਾਰਨ 'ਚੋਂ ਬਣੇ ਮੁੱਖ ਮੰਤਰੀ ਖਿ ?ਲਾਫ਼ ਉਨ੍ਹਾਂ ਦੀ ਬਗ਼ਾਵਤ ਨੂੰ ਪਾਰਟੀ ਹਾਈ ਕਮਾਨ ਦਾ ਸਾਥ ਮਿਲੇਗਾ ਪਰ ਸੁੱਖੂ ਨੇ ਆਪਣੀ ਮੁੱਖ ਚਾਲ ਚੱਲ ਦਿੱਤੀ। ਹਿਮਾਚਲ ਰੋਡਵੇਜ਼ ਵਿੱਚ ਕੰਡਕਟਰ ਰਹੇ ਸ਼ਖ਼ਸ ਦੇ ਇਸ ਪੁੱਤਰ ਨੇ ਕਦੇ ਵੀ ਇਹ ਗੱਲ ਨਹੀਂ ਭੁੱਲੀ ਕਿ ਉਹ ਇੱਕ-ਇੱਕ ਕਰ ਕੇ ਪਾਰਟੀ ਦੀਆਂ ਪੌੜੀਆਂ ਚੜ੍ਹ ਕੇ ਇੱਥੇ ਤੱਕ ਪਹੁੰਚਿਆ ਹੈ; ਕਿ ਉਸ ਨੇ ਭ੍ਰਿਸ਼ਟਾਚਾਰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ ਜਿਸ 'ਤੇ ਗਾਂਧੀ ਹਾਈਕਮਾਨ ਜ਼ੋਰ ਦਿੰਦੀ ਹੈ। ਇਸ ਦੇ ਨਾਲ ਹੀ ਇਹ ਕਿ ਉਹ ਕਦੇ ਵੀ ਭਾਜਪਾ ਦੇ ਦਿੱਤੇ ਲਾਲਚਾਂ ਦੇ ਵਸ ਨਹੀਂ ਪਿਆ।

ਆਖਿਰਕਾਰ ਵਿਕਰਮਾਦਿੱਤਿਆ ਦੇ ਪੈਰ ਉੱਖੜ ਗਏ ਪਰ ਉਸ ਨੇ ਪਾਰਟੀ ਕਦੇ ਨਹੀਂ ਛੱਡੀ, ਜਿਵੇਂ ਛੇ ਹੋਰ ਬਾਗ਼ੀ ਤੇ ਤਿੰਨ ਆਜ਼ਾਦ ਵਿਧਾਇਕਾਂ ਨੇ ਛੱਡ ਦਿੱਤੀ। ਛੇ ਬਾਗ਼ੀਆਂ ਵਿਚੋਂ ਚਾਰ ਜਣੇ ਹਾਲੀਆ ਜਿ ?ਮਨੀ ਚੋਣਾਂ 'ਚ ਹਾਰ ਗਏ (ਉਹ ਸ਼ਾਇਦ ਆਪਣੀ ਕਿਸਮਤ ਨੂੰ ਕੋਸਦੇ ਹੋਣਗੇ)। ਇਸ ਤੋਂ ਇਲਾਵਾ ਵਿਕਰਮਾਦਿੱਤਿਆ ਮੰਡੀ ਲੋਕ ਸਭਾ ਸੀਟ ਕੰਗਨਾ ਭਾਜਪਾ ਉਮੀਦਵਾਰ ਰਣੌਤ ਤੋਂ ਹਾਰ ਗਏ ਜੋ ਸੁੱਖੂ ਦਾ ਇਕ ਹੋਰ 'ਮਾਸਟਰ ਸਟ੍ਰੋਕ' ਕਿਹਾ ਜਾ ਸਕਦਾ ਹੈ ਹਾਲਾਂਕਿ ਉਹ ਭਾਵੇਂ ਆਪਣੇ ਤੋਂ ਛੋਟੇ, ਰਸੂਖ਼ਵਾਨ ਸਹਿਯੋਗੀ ਨੂੰ ਹੋਰ ਉਚਾਈਆਂ ਛੂਹਣ ਲਈ ਪ੍ਰੇਰ ਵੀ ਸਕਦੇ ਸਨ। ਮੁੱਖ ਮੰਤਰੀ ਦੀ ਸਥਿਤੀ ਉਦੋਂ ਹੋਰ ਮਜ਼ਬੂਤ ਹੋ ਗਈ ਜਦ ਉਨ੍ਹਾਂ ਦੀ ਪਤਨੀ ਕਮਲੇਸ਼ ਠਾਕੁਰ ਨੇ ਹਾਲ ਹੀ ਵਿੱਚ ਮਾਰਚ ਦੀ ਬਗ਼ਾਵਤ ਦੌਰਾਨ ਖਾਲੀ ਹੋਈਆਂ ਸੀਟਾਂ 'ਚੋਂ ਇੱਕ ਸੀਟ ਫਤਿਹ ਕਰ ਲਈ।

ਉਂਝ, ਇਸ ਨਿਰਾਲੇ ਸਿਆਸਤਦਾਨ ਨੂੰ ਅਜੇ ਵੀ ਇੰਨੀ ਸੰਤੁਸ਼ਟੀ ਨਹੀਂ ਹੋਈ ਕਿ ਉਹ ਆਪਣੀਆਂ ਪ੍ਰਾਪਤੀਆਂ ਵੱਲ ਦੇਖ ਕੇ ਥੋੜ੍ਹਾ ਆਰਾਮ ਕਰੇ। ਗੁਆਂਢੀ ਰਾਜ ਪੰਜਾਬ ਜੋ ਲੋੜੋਂ ਵੱਧ ਚੁਣਾਵੀ ਸੌਗਾਤਾਂ ਦੇ ਵਾਅਦੇ ਕਰ ਕੇ ਦਹਾਕਿਆਂ ਤੋਂ ਵਿੱਤੀ ਮੋਰਚੇ 'ਤੇ ਡਗਮਗਾ ਰਿਹਾ ਹੈ (ਖ਼ਾਸ ਤੌਰ 'ਤੇ ਮੁਫ਼ਤ ਬਿਜਲੀ ਦੇਣ ਦੇ ਪੱਖ ਤੋਂ), ਤੋਂ ਬਿਲਕੁਲ ਉਲਟ ਹਿਮਾਚਲ ਦੇ ਮੁੱਖ ਮੰਤਰੀ ਨੇ ਨਾ ਸਿਰਫ਼ ਹਰ ਪਰਿਵਾਰ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ 2022 ਦੇ ਆਪਣੇ ਚੁਣਾਵੀ ਵਾਅਦੇ ਤੋਂ ਪਿੱਛੇ ਹਟਣ ਦਾ ਫ਼ੈਸਲਾ ਕੀਤਾ ਬਲਕਿ ਉਸ ਨੇ ਰੱਜੇ-ਪੁੱਜਿਆਂ ਨੂੰ ਸਬਸਿਡੀ ਬੰਦ ਕਰਨ ਦਾ ਐਲਾਨ ਵੀ ਕੀਤਾ ਹੈ।

ਇਸ ਨਾਲ ਕਈ ਅਹਿਮ ਤਾਰਾਂ ਜੁੜੀਆਂ ਹੋਈਆਂ ਸਨ। ਬਿਜਲੀ ਸੁਧਾਰ ਹੁਣ ਕਰਦਾਤਾਵਾਂ 'ਤੇ ਲਾਗੂ ਹੋਣਗੇ। ਮੁਫਤ ਯੂਨਿਟਾਂ ਦੀ ਗਿਣਤੀ 300 ਤੋਂ 125 ਉਤੇ ਆ ਗਈ ਹੈ। ਪਿਛਲੀ ਭਾਜਪਾ ਸਰਕਾਰ ਨੇ ਵੀ ਇਹੀ ਵਾਅਦਾ ਕੀਤਾ ਸੀ। ਸਬਸਿਡੀ ਲੈਣ ਵਾਲੇ 'ਇੱਕ ਪਰਿਵਾਰ, ਇੱਕ ਮੀਟਰ' ਤੱਕ ਹੀ ਸੀਮਤ ਹੋਣਗੇ (ਪੰਜਾਬ 'ਚ ਅਮੀਰ ਲੋਕ ਜਿਹੜੇ ਇੱਕੋ ਘਰ 'ਚ ਰਹਿੰਦੇ ਹਨ, ਉਨ੍ਹਾਂ ਨੇ ਕਈ ਮੀਟਰ ਲਵਾਏ ਹੋਏ ਹਨ ਤਾਂ ਕਿ ਉਹ ਹਰ ਮੀਟਰ ਲਈ 300 ਯੂਨਿਟ ਮੁਫ਼ਤ ਬਿਜਲੀ ਲੈ ਸਕਣ ਤੇ ਅਧਿਕਾਰੀਆਂ ਮੁਤਾਬਿਕ

ਨਸ਼ੇ ਦੇ ਸੌਦਾਗਰਾਂ ਦਾ ਨਹੀਂ ਚੱਲਣ ਦਿੱਤਾ ਜਾਵੇਗਾ ਕਾਲਾ ਕਾਰੋਬਾਰ : ਅਮਨੀਤ ਕੌਂਡਲ

ਬਠਿੰਡਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੂਬਾ ਸਰਕਾਰ ਵਲੋਂ ਨਸ਼ਿਆਂ ਖਿਲਾਫ਼ ਵਿੱਢੀ ਗਈ ਮੁਹਿੰਮ ਤਹਿਤ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਸਿਵਲ ਤੇ ਪੁਲਿਸ ਪ੍ਰਸ਼ਾਸਨ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤਹਿਤ ਜ਼ਿਲ੍ਹੇ ਦੇ ਸਮੂਹ ਪੁਲਿਸ ਸਟੇਸ਼ਨਾਂ ਅਤੇ ਸਾਂਝ ਕੇਂਦਰਾਂ ਵੱਲੋਂ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਦੇ ਮਕਸਦ ਨਾਲ ਲਗਾਤਾਰ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਅਧੀਨ ਜ਼ਿਲ੍ਹੇ ਦੀਆਂ ਵੱਖ-ਵੱਖ ਥਾਵਾਂ ਜਿਵੇਂ ਕਿ ਸਕੂਲਾਂ, ਕਾਲਜਾਂ, ਪਿੰਡਾਂ ਦੀਆਂ ਸੱਥਾਂ ਅਤੇ ਹੋਰ ਕਾਰੋਬਾਰੀ ਅਦਾਰਿਆਂ ਰਾਹੀਂ ਆਮ ਲੋਕਾਂ ਵਿੱਚ ਨਸ਼ਿਆਂ ਖਿਲਾਫ਼ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਦੱਸਿਆ ਕਿ ਵਿੱਢੀ ਗਈ ਮੁਹਿੰਮ ਤਹਿਤ ਨਸ਼ਾ ਤਸਕਰਾਂ ਉਪਰ ਸਿਕੰਜਾ ਕਸਦੇ ਹੋਏ 1 ਜਨਵਰੀ 2024 ਤੋਂ ਹੁਣ ਤੱਕ ਐਨ.ਡੀ.ਪੀ.ਐਸ ਐਕਟ ਤਹਿਤ 328 ਮੁਕੱਦਮੇ ਦਰਜ ਕੀਤੇ ਗਏ ਹਨ। ਦਰਜ ਮਾਮਲਿਆਂ ਵਿੱਚ ਸ਼ਾਮਲ 508 ਦੋਸ਼ੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਜਿਨਾਂ ਕੋਲੋਂ ਵੱਖ-ਵੱਖ ਨਸ਼ਿਆਂ ਦੀ ਖੇਪ ਜਿਸ ਵਿੱਚ 3 ਕਿਲੋ 296 ਗ੍ਰਾਮ ਹੈਰੋਇਨ, ਅਫ਼ੀਮ 12 ਕਿਲੋ 850 ਗ੍ਰਾਮ, 4067 ਕਿਲੋ 700 ਗ੍ਰਾਮ ਡੋਡੇ, ਗਾਂਜਾ 39 ਕਿਲੋ, 120125 ਨਸ਼ੀਲੇ ਕੈਪਸੂਲ ਅਤੇ 33 ਨਸ਼ੀਲੀਆਂ ਸ਼ੀਸ਼ੀਆਂ ਤੋਂ ਇਲਾਵਾ 100 ਵਹੀਕਲ ਬਰਾਮਦ ਕੀਤੇ ਹਨ।

ਜ਼ਿਲ੍ਹਾ ਪੁਲਿਸ ਮੁਖੀ ਨੇ ਹੋਰ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਬਠਿੰਡਾ ਪੁਲਿਸ ਵਲੋਂ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਹੋਰ ਵੀ ਸਖ਼ਤੀ ਨਾਲ ਕਦਮ ਚੁੱਕੇ ਜਾਣਗੇ। ਉਨਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੂਬਾ ਸਰਕਾਰ ਵਲੋਂ ਨਸ਼ਿਆਂ ਦੇ ਖ਼ਾਤਮੇ ਲਈ ਬਠਿੰਡਾ ਪੁਲਿਸ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ।

ਉਨਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਇਲਾਕੇ ਦੇ ਨਜ਼ਦੀਕੀ ਪੁਲਿਸ ਸਟੇਸ਼ਨਾਂ ਵਿੱਚ ਅਜਿਹੇ ਮਾੜੇ ਅਨਸਰਾਂ ਦੀ ਸੂਚਨਾ ਦਿੰਦੇ ਰਹਿਣ ਤਾਂ ਜੋ ਉਨ੍ਹਾਂ ਦੇ ਮਨਸੂਬਿਆਂ 'ਤੇ ਪਾਣੀ ਫੇਰਿਆ ਜਾ ਸਕੇ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਸੂਬਾ ਸਰਕਾਰ ਵਲੋਂ ਮਿੱਥੇ ਗਈ ਟੀਚੇ ਨੂੰ ਸਫ਼ਲ ਬਣਾਇਆ ਜਾ ਸਕੇ।

ਜ਼ਿਲਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਨੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪਿੰਡਾਂ ਜਾਂ ਸ਼ਹਿਰਾਂ ਚ ਤੁਹਾਡੇ ਆਲੇ-ਦੁਆਲੇ ਕੋਈ ਵੀ ਤਸਕਰ ਨਸ਼ਾ ਵੇਚਦਾ ਹੈ ਤਾਂ ਉਹ ਪੁਲਿਸ ਦੇ ਟੋਲ ਫ਼ਰੀ ਜਾਂ ਵਟਸਐਪ ਨੰਬਰ 91155-02252 ਤੇ ਸੂਚਨਾ ਦੇ ਸਕਦੇ ਹਨ ਜਾਂ ਸਿੱਧਾ ਦਫ਼ਤਰ ਆ ਕੇ ਸੰਪਰਕ ਕਰ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਦੇ ਸੌਦਾਗਰ ਦਾ ਪਤਾ ਦੱਸਣ ਵਾਲੇ ਵਿਅਕਤੀ ਦੀ ਪਹਿਚਾਣ ਤੇ ਨਾਮ ਗੁਪਤ ਰੱਖਿਆ ਜਾਵੇਗਾ।

ਟਰੈਫਿਕ ਨਿਯਮਾਂ ਬਾਰੇ ਕੀਤਾ ਜਾਗਰੂਕ

ਧੂਰੀ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਟਰੈਫ਼ਿਕ ਪੁਲਸ ਵੱਲੋਂ ਲੋਕਾਂ ਨੂੰ ਟਰੈਫਿਡ ਨਿਯਮਾਂ ਤੋਂ ਜਾਣੂ ਕਰਵਾਉਣ ਦੇ ਮਕਸਦ ਨਾਲ ਵੱਖ-ਵੱਖ ਥਾਵਾਂ 'ਤੇ ਜਾਕੇ ਲੋਕਾਂ ਨਾਲ ਨੁਕੱੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਕੜੀ ਤਹਿਤ ਅੱਜ ਟਰੈਫ਼ਿਕ ਇੰਚਾਰਜ਼ ਸੰਜੇ ਕੁਮਾਰ ਤੇ ਪੀ.ਸੀ.ਆਰ ਇੰਚਾਰਜ਼ ਮਿੱਠੂ ਸਿੰਘ ਵੱਲੋਂ ਸਥਾਨਕ ਨਗਰ ਕੌਂਸਲ ਪਾਰਕ ਵਿਖੇ ਲੋਕਾਂ ਨੂੰ ਟਰੈਫਿਕ ਨਿਯਮਾਂ ਤੋਂ ਜਾਣੂ ਕਰਾਇਆ ਗਿਆ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਨਾਬਾਲਿਗ ਬੱਚਿਆਂ ਨੂੰ ਵਹੀਕਲ ਨਾ ਚਲਾਉਣ ਦੇਣ ਅਤੇ 16 ਤੋਂ 18 ਸਾਲ ਦੀ ਉਮਰ ਤੱਕ ਦੇ ਬੱਚਿਆਂ ਨੂੰ ਸਿਰਫ 50 ਸੀ.ਸੀ ਇੰਜਨ ਤੱਕ ਦਾ ਬਗੈਰ ਗੇਅਰ ਵਾਲਾ ਵਹੀਕਲ ਹੀ ਚਲਾਉਣ ਦੇਣ ਅਤੇ 20 ਅਗਸਤ ਤੋਂ ਬਾਦ ਜੇਕਰ ਕੋਈ ਵੀ ਨਾਬਾਲਿਗ ਬੱਚਾ (16 ਤੋਂ 18 ਸਾਲ) 50 ਸੀ.ਸੀ ਇੰਡਣ ਤੋਂ ਵੱਧ ਦਾ ਵਹੀਕਲ ਚਲਾਉਂਦਾ ਪਾਇਆ ਗਿਆ ਤਾਂ ਉਸਦੇ ਮਾਪਿਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਇਸ ਤੋਂ ਇਲਾਵਾ ਟਰੈਫ਼ਿਕ ਪੁਲਸ ਵੱਲੋਂ ਸਥਾਨਕ ਛੋਟਾ ਹਾਥੀ ਤੇ ਪਿੱਕ ਅੱਪ ਗੱਡੀ ਯੂਨੀਅਨ ਵਾਲਿਆਂ ਨੂੰ ਵੀ ਟਰੈਫਿਕ ਨਿਯਮਾਂ ਦੀ ਪਾਲਣਾ ਯਕੀਨੀ ਬਨਾਉਣ ਲਈ ਪ੍ਰੇਰਿਆ ਗਿਆ। ਉਨ੍ਹਾਂ ਅਪੀਲ ਕੀਤੀ ਕਿ ਉਹ ਗੱਡੀ ਨੂੰ ਓਵਰ ਲੋਡ ਕਰਕੇ ਨਾ ਚਲਾਉਣ।

ਚਾਰੇ ਪਾਸੇ ਲੱਗੇ ਕੂੜੇ ਦੇ ਢੇਰ ਤੇ ਕੁੱਪ ਹਨੇਰਾ ਕਰ ਰਿਹਾ ਸੰਗਤਾਂ ਦਾ ਸੁਆਗਤ - ਪਰਾਸ਼ਰ

ਸ੍ਰੀ ਅਨੰਦਪੁਰ ਸਾਹਿਬ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਨੰਦਪੁਰ ਸਾਹਿਬ ਦੇ ਸਿਵਲ ਹਸਪਤਾਲ ਵਿਖੇ ਸ੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੋਸਾਇਟੀ ਵੱਲੋਂ ਇੱਕ ਵਿਸ਼ਾਲ ਖੂਨ ਦਾ ਕੈਂਪ ਲਗਾਇਆ ਗਿਆ ਜਿਸ ਵਿੱਚ ਇਲਾਕੇ ਦੇ ਨੌਜਵਾਨਾਂ ਨੇ ਸਮਾਜ ਸੇਵੀ ਸੰਗਠਨਾਂ ਨੇ ਤੇ ਅਲੱਗ ਅਲੱਗ ਪਾਰਟੀਆਂ ਦੇ ਨੇਤਾਵਾਂ ਨੇ ਭਾਗ ਲਿਆ ਉੱਥੇ ਹੀ ਹੁਣ ਤੱਕ ਦੇ ਲਗਾਏ ਗਏ ਕੈਂਪਾਂ ਵਿੱਚੋਂ ਸਭ ਤੋਂ ਵੱਧ 180 ਯੂਨਿਟ ਇਕੱਠੇ ਹੋਏ ਜਿਸ ਤੇ ਇਕ ਯਾਦਗਾਰੀ ਯਾਦਾਂ ਛੱਡਦਾ ਹੋਇਆ ਸੰਪੰਨ ਹੋਇਆ ਅੱਜ ਕੈਂਪ ਦਾ ਸਵੇਰ ਸਮੇਂ ਸ਼ੁਰੂਆਤ ਸੰਤ ਕ੍ਰਿਪਾਲਾ ਨੰਦ ਜੀ ਮਹਾਰਾਜ ਦੜੋਲੀ ਵਾਲੇ ਵੱਲੋਂ ਕੀਤਾ ਗਿਆ ਉਥੇ ਹੀ ਉਹਨਾਂ ਨੇ ਆਪਣੇ ਸੰਬੋਧਨ ਵਿੱਚ ਸ੍ਰੀ ਸ਼ਾਦੀ ਲਾਲ ਆਂਗਰਾ ਮੈਮੋਰੀਅਲ ਸੋਸਾਇਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸਲਾਘਾ ਕੀਤੀ ਉਹਨਾਂ ਕਿਹਾ ਕਿ ਸਮਾਜ ਭਲਾਈ ਦੇ ਕੀਤੇ ਜਾ ਰਹੇ ਕਾਰਜਾਂ ਤੇ ਜਿੱਥੇ ਇਲਾਕੇ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ ਸੋਸਾਇਟੀ ਉੱਥੇ ਹੀ ਗਰੀਬਾਂ ਦੀ ਮਦਦ ਸਿੱਖਿਆ ਦੇ ਖੇਤਰ ਵਿੱਚ ਅਤੇ ਮੈਡੀਕਲ ਦੇ ਖੇਤਰ ਵਿੱਚ ਸੁਸਾਇਟੀ ਲਗਾਤਾਰ ਪਿਛਲੇ ਵਰਿਆਂ ਤੋਂ ਵੱਡੇ ਪੱਧਰ ਤੇ ਕੰਮ ਕਰ ਰਹੀ ਹੈ ਜਿਸ ਦੇ ਲਈ ਉਹਨਾਂ ਨੇ ਸੋਸਾਇਟੀ ਦੇ ਪ੍ਰਧਾਨ ਅਤੇ ਸਾਬਕਾ ਡੀ ਆਈ ਜੀ ਲੋਕਨਾਥ ਆਂਗਰਾ ਦੇ ਕਾਰਜਾਂ ਦੀ ਵੀ ਪ੍ਰਸ਼ੰਸਾ ਕੀਤੀ ਉਹਨਾਂ ਕਿਹਾ ਹਰ ਦਮ ਇਲਾਕੇ ਦੇ ਲੋਕਾਂ ਲਈ ਸਮਾਜ ਸੇਵਾ ਦੇ ਵਾਸਤੇ ਹਮੇਸ਼ਾ ਖੜੇ ਰਹਿੰਦੇ ਹਨ ਲੋਕ ਨਾਥ ਆਂਗਰਾ ਜੀ ਇਸ ਦੇ ਲਈ ਉਨਾਂ ਨੇ ਇਲਾਕੇ ਵੱਲੋਂ ਆਂਗਰਾ ਜੀ ਦਾ ਧੰਨਵਾਦ ਵੀ ਕੀਤਾ ਇਸ ਮੌਕੇ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਵੱਖ ਵੱਖ ਕਲੱਬਾਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੇ ਸ਼ਮੂਲੀਅਤ ਕੀਤੀ ਅਤੇ ਸੁਸਾਇਟੀ ਦੇ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਇਸ ਮੌਕੇ ਸੋਸਾਇਟੀ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਜੋ ਵਿਦਿਆਰਥੀ ਨਾਮ ਚਮਕਾਇਆ ਹੈ ਉਹਨਾਂ 33 ਵਿਦਿਆਰਥੀਆਂ ਨੂੰ ਸੁਸਾਇਟੀ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਅੱਜ ਦੇ ਇਸ ਪਵਿੱਤਰ ਦਿਨ ਉੱਤੇ ਖੂਨਦਾਨ ਕਰਨ ਵਾਲਿਆਂ ਨੂੰ ਵੀ ਪੌਦੇ ਦਿੱਤੇ ਗਏ ਅਤੇ ਪੂਰੇ ਕੈਂਪ ਅੰਦਰ ਪੌਦਿਆਂ ਨੂੰ ਲਗਾਉਣ ਦੇ ਲਈ ਲੋਕਾਂ ਨੂੰ ਉਤਸਾਹਿਤ ਵੀ ਕੀਤਾ ਤਾਂ ਜੋ ਵਾਤਾਵਰਣ ਧੁੰਦਲਾ ਹੋ ਰਿਹਾ ਹੈ ਉਸ ਨੂੰ ਪ੍ਰਦੂਸ਼ਣ ਤੋਂ ਮੁਕਤ ਕਿਵੇਂ ਬਣਾਇਆ ਜਾ ਸਕੇ ਅਤੇ ਲੋਕਾਂ ਲਈ ਪੌਦੇ ਕਿਉਂ ਜਰੂਰੀ ਹਨ ਇਸ ਬਾਰੇ ਸੋਸਾਇਟੀ ਵੱਲੋਂ ਪ੍ਰਚਾਰ ਵੀ ਕੀਤਾ ਗਿਆ ਇਸ ਮੌਕੇ ਸੀਨੀਅਰ ਪੱਤਰਕਾਰ ਰਾਜਪਾਲ ਆਂਗਰਾ ਕੇਕੇ ਬੇਦੀ ਪ੍ਰਦੀਪ ਸੋਨੀ ਐਡਵੋਕੇਟ ਪ੍ਰੇਮ ਅਚਾਰੀਆ ਵਿਕਾਸ ਸੋਨੀ ਮਾਸਟਰ ਦਿਲਾਵਰ ਸਿੰਘ ਸੁਰਿੰਦਰ ਪਾਲ ਆਗਰਾ ਦਲਜੀਤ ਸਿੰਘ ਕੈਥ ਕੌਂਸਲਰ ਨੌਜਵਾਨ ਭਾਜਪਾ ਆਗੂ ਬਲਰਾਮ ਪਰੈਸ਼ਰ ਹਰਬੰਸ ਲਾਲ ਮਹੰਦਲੀ ਸਾਬਕਾ ਚੇਅਰਮੈਨ ਰਮੇਸ਼ ਸਾਬਕਾ ਸਰਪੰਚ ਕਮਲਦੇਵ ਜੋਸ਼ੀ ਮਹੰਤ ਬਚਨ ਦਾਸ ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ ਦਵਿੰਦਰ ਕੌਂਸ਼ਲ ਸ਼ਿਵਨਾਥ ਆਂਗਰਾ ਮਾਸਟਰ ਲੋਕ ਨਾਥ ਜਸਪਾਲ ਬਿਲਗਣ ਰਜਨੀਸ਼ ਯੋਸ਼ੀ ਸੁਨੀਲ ਦਵੇਦੀ ਮਾਸਟਰ ਸੁਰਜੀਤ ਰਾਣਾ ਕਾਮਰੇਡ ਸੁਰਜੀਤ ਸਿੰਘ ਢੇਰ ਅਵਤਾਰ ਸਿੰਘ ਦਵਿੰਦਰ ਮਹਿਤਾ ਰੋਹਿਤ ਬੇਦੀ ਸੁਮਿਤ ਦੀਪਕ ਮੱਲਣ ਅਕਸ਼ਿਤ ਆਂਗਰਾ ਨਰੇਸ਼ ਸ਼ਰਮਾ ਨੀਰਜ ਪ? ਪਰੈਸ਼ਰ ਰਾਣਾ ਬਖਤਾਵਰ ਸਿੰਘ ਦੀ ਟੀਮ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਵੱਲੋਂ ਦਲਜੀਤ ਸਿੰਘ ਨਾਭਾ ਨੂੰ ਵਿਧਾਨ ਸਭਾ ਹਲਕਾ ਨਾਭਾ ਦਾ ਇੰਚਾਰਜ ਨਿਯੁਕਤ ਕੀਤਾ ਗਿਆ

ਨਾਭਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਲੰਬੇ ਸਮੇਂ ਤੋਂ ਪੱਤਰਕਾਰੀ ਅਤੇ ਸਮਾਜ ਭਲਾਈ ਦੇ ਖੇਤਰ ਵਿੱਚ ਸੇਵਾਵਾਂ ਦੇਣ ਵਾਲੇ ਦਲਜੀਤ ਸਿੰਘ ਨਾਭਾ ਦੇ ਸਮਾਜ ਪ੍ਰਤੀ ਚੰਗੇ ਕੰਮਾਂ ਨੂੰ ਦੇਖਦੇ ਹੋਏ ਆਜ਼ਾਦ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਐਡਵੋਕੇਟ ਚੰਦਰਸ਼ੇਖਰ ਆਜ਼ਾਦ (ਮੈਂਬਰ ਪਾਰਲੀਮੈਂਟ ਲੋਕ ਸਭਾ ਹਲਕਾ ਨਗੀਨਾ) ਦੇ ਦਿਸ਼ਾ ਨਿਰਦੇਸ਼ ਅਨੁਸਾਰ ਪਾਰਟੀ ਦੇ ਪੰਜਾਬ ਪ੍ਰਭਾਰੀ ਹਿਤੇਸ਼ ਮਾਹੀ ਵੱਲੋਂ ਨਿਯੁਕਤੀ ਪੱਤਰ ਦੇ ਕੇ ਦਲਜੀਤ ਸਿੰਘ ਨਾਭਾ ਨੂੰ ਵਿਧਾਨ ਸਭਾ ਹਲਕਾ ਨਾਭਾ ਦਾ ਇੰਚਾਰਜ ਲਗਾਇਆ ਗਿਆ।

ਇਸ ਮੌਕੇ ਦਲਜੀਤ ਸਿੰਘ ਨਾਭਾ ਨੇ ਕਿਹਾ ਕਿ ਉਹ ਮੈਂਬਰ ਪਾਰਲੀਮੈਂਟ ਐਡਵੋਕੇਟ ਚੰਦਰਸ਼ੇਖਰ ਆਜ਼ਾਦ ਨੂੰ ਪਿਛਲੇ ਲੰਮੇ ਸਮੇਂ ਤੋਂ ਫੋਲੋ ਕਰਦੇ ਹਨ ਅੱਜ ਦੇ ਸਮੇਂ ਵਿੱਚ ਉਹ ਹੀ ਸਿਰਫ ਇਕ ਇਹੀ ਜਿਹੇ ਨੇਤਾ ਹਨ ਜਿਨਾਂ ਨੇ ਆਪਣੇ ਲੋਕਾਂ ਅਤੇ ਸਮਾਜ ਲਈ ਐਨ.ਐਸ.ਏ. ਤਹਿਤ 16 ਮਹੀਨੇ ਜੇਲ ਕੱਟੀ ਪਰ ਫਿਰ ਵੀ ਉਹਨਾਂ ਨੇ ਸਰਕਾਰਾਂ ਖਿਲਾਫ ਅਵਾਜ਼ ਬੁਲੰਦ ਕਰਨੀ ਬੰਦ ਨਹੀਂ ਕੀਤੀ ਜਿਸਦੇ ਸਦਕਾ ਲੋਕ ਸਭਾ ਹਲਕਾ ਨਗੀਨਾ ਦੇ ਲੋਕਾਂ ਨੇ ਉਹਨਾਂ ਨੂੰ ਤਕਰੀਬਨ ਡੇਢ ਲੱਖ ਵੋਟਾਂ ਦੀ ਲੀਡ ਨਾਲ ਜਿੱਤਾ ਕੇ ਸੰਸਦ ਵਿੱਚ ਭੇਜਿਆਂ ਹੈ

ਦਲਜੀਤ ਸਿੰਘ ਨਾਭਾ ਨੇ ਕਿਹਾ ਕਿ ਉਹ ਕੌਮੀ ਪ੍ਰਧਾਨ ਐਡਵੋਕੇਟ ਚੰਦਰਸ਼ੇਖਰ ਆਜ਼ਾਦ ਅਤੇ ਪੰਜਾਬ ਪ੍ਰਧਾਨ ਹਿਤੇਸ਼ ਮਾਹੀ ਜੀ ਤਹਿਤ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਏਨੀ ਵੱਡੀ ਜ਼ਿੰਮੇਵਾਰੀ ਦੀਤੀ ਹੈ ਅਤੇ ਉਹ ਇਹ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ

ਮਾਨ ਸਰਕਾਰ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਦੂਰ ਕਰਨ ਲਈ ਵਚਨਬੱਧ - ਕੈਬਨਿਟ ਮੰਤਰੀ ਧਾਲੀਵਾਲ

ਗੁਰਦਾਸਪੁਰ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਨੂੰ ਦੂਰ ਕਰਨ ਲਈ ਵਚਨਬੱਧ ਹੈ ਅਤੇ ਸਰਕਾਰ ਹੁਣ ਲੋਕਾਂ ਦੇ ਪਿੰਡਾਂ ਅਤੇ ਮੁਹੱਲਿਆਂ ਵਿਚ ਜਾ ਕੇ ਮਸਲੇ ਹੱਲ ਕਰ ਰਹੀ ਹੈ। ਇਹ ਪ੍ਰਗਟਾਵਾ ਸੂਬੇ ਦੇ ਪ੍ਰਵਾਸੀ ਭਾਰਤੀ ਮਾਮਲੇ ਤੇ ਪ੍ਰਬੰਧਕੀ ਸੁਧਾਰ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਬੀ.ਡੀ.ਪੀ.ਓ. ਦਫ਼ਤਰ ਡੇਰਾ ਬਾਬਾ ਨਾਨਕ ਵਿਖੇ ਲਗਾਏ ਗਏ 'ਸਰਕਾਰ ਤੁਹਾਡੇ ਦੁਆਰ' ਕੈਂਪ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਬਟਾਲਾ ਦੇ ਵਿਧਾਇਕ ਸ੍ਰੀ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ, ਉੱਘੇ ਜਨਤਕ ਆਗੂ ਤੇ ਸੀਨੀਅਰ ਵਾਈਸ ਚੇਅਰਮੈਨ ਸ. ਗੁਰਦੀਪ ਸਿੰਘ ਰੰਧਾਵਾ, ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ ਸ. ਹਰਦੀਪ ਸਿੰਘ, ਐੱਸ.ਡੀ.ਐੱਮ. ਕਲਾਨੌਰ ਸ੍ਰੀਮਤੀ ਜਿਯੋਤਸਨਾ ਸਿੰਘ, ਡੀ.ਡੀ.ਪੀ.ਓ. ਸ੍ਰੀ ਸਤੀਸ਼ ਕੁਮਾਰ, ਤਹਿਸੀਲਦਾਰ ਸ੍ਰੀ ਲਖਵਿੰਦਰ ਸਿੰਘ, ਬੀ.ਡੀ.ਪੀ.ਓ. ਡੇਰਾ ਬਾਬਾ ਨਾਨਕ ਸ੍ਰੀਮਤੀ ਜਸਬੀਰ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਮਾਰਕਿਟ ਕਮੇਟੀ ਕਲਾਨੌਰ ਦੇ ਚੇਅਰਮੈਨ ਸ. ਰਣਜੇਤ ਸਿੰਘ, ਮਾਰਕਿਟ ਕਮੇਟੀ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਸ. ਜਗਜੀਤ ਸਿੰਘ ਕਾਹਲੋਂ ਵੀ ਹਾਜ਼ਰ ਸਨ।

'ਸਰਕਾਰ ਤੁਹਾਡੇ ਦੁਆਰ' ਕੈਂਪ ਵਿੱਚ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅਧੀਨ ਪੈਂਦੇ ਬਲਾਕ ਡੇਰਾ ਬਾਬਾ ਨਾਨਕ, ਕਲਾਨੌਰ ਅਤੇ ਧਾਰੀਵਾਲ ਦੇ ਪਿੰਡਾਂ ਦੇ ਵਸਨੀਕਾਂ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ। ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਹਾਜ਼ਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪਹਿਲ ਦੇ ਅਧਾਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ। ਉਨ੍ਹਾਂ ਕੈਂਪ ਵਿੱਚ ਆਏ ਵਿਅਕਤੀਆਂ ਨੂੰ ਭਰੋਸਾ ਦਿੱਤਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਹੁਣ ਆਪਣੇ ਰੋਜ਼ਮਰਾਂ ਦੇ ਕੰਮਾਂ ਲਈ ਦਫ਼ਤਰਾਂ ਵਿੱਚ ਖੱਜ਼ਲ-ਖੁਆਰ ਨਹੀਂ ਹੋਣ ਦਿੱਤਾ ਜਾਵੇਗਾ।

ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਦਾ

ਵਿਰੋਧੀ ਧਿਰ ਵੱਲੋਂ ਵਕਫ਼ ਸੋਧ ਬਿੱਲ ਦਾ ਜ਼ੋਰਦਾਰ ਵਿਰੋਧ

ਨਵੀਂ ਦਿੱਲੀ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਵਿਰੋਧੀ ਧਿਰ ਨੇ ਵੀਰਵਾਰ ਨੂੰ ਲੋਕ ਸਭਾ 'ਚ ਵਕਫ਼ (ਸੋਧ) ਬਿੱਲ ਪੇਸ਼ ਕੀਤੇ ਜਾਣ 'ਤੇ ਵਿਰੋਧ ਪ੍ਰਦਰਸ਼ਨ ਕੀਤਾ। ਕਾਂਗਰਸ ਦੇ ਸੰਸਦ ਮੈਂਬਰ ਕੇ.ਸੀ. ਵੇਣੂਗੋਪਾਲ ਨੇ ਇਸ ਨੂੰ 'ਸੰਵਿਧਾਨ 'ਤੇ ਹਮਲਾ' ਕਰਾਰ ਦਿੱਤਾ।

ਕੇਂਦਰੀ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਬਿੱਲ ਪੇਸ਼ ਕਰਨ ਲਈ ਛੁੱਟੀ ਮੰਗਣ ਤੋਂ ਤੁਰੰਤ ਬਾਅਦ ਵੇਣੂਗੋਪਾਲ ਨੇ ਸਰਕਾਰ ਇਸ ਨੂੰ ਧਰਮ ਦੀ ਆਜ਼ਾਦੀ ਦੀ ਉਲੰਘਣਾ ਕਰਨ ਅਤੇ ਇਸ ਰਾਹੀਂ ਸੰਘੀ ਪ੍ਰਣਾਲੀ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ। ਵੇਣੂਗੋਪਾਲ ਨੇ ਕਿਹਾ, ਇਹ ਇੱਕ ਸਖ਼ਤ ਕਾਨੂੰਨ ਹੈ ਅਤੇ ਸੰਵਿਧਾਨ 'ਤੇ ਇੱਕ ਬੁਨਿਆਦੀ ਹਮਲਾ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਵਕਫ਼ ਕੌਂਸਲ ਅਤੇ ਅਜਿਹੀਆਂ ਹੋਰ ਸੰਸਥਾਵਾਂ ਵਿੱਚ ਗ਼ੈਰ-ਮੁਸਲਮਾਨਾਂ ਨੂੰ ਨਿਯੁਕਤ ਕਰਨਾ ਮੁਸਲਮਾਨਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ।

ਮੁੱਖ ਮੰਤਰੀ ਵੱਲੋਂ ਐਨ.ਆਰ.ਆਈ. ਭਾਈਚਾਰੇ ਨੂੰ ਵੱਡਾ ਤੋਹਫਾ, ਨਵੀਂ ਦਿੱਲੀ ਦੇ ਏਅਰਪੋਰਟ 'ਤੇ 'ਪੰਜਾਬ ਸਹਾਇਤਾ ਕੇਂਦਰ ' ਕੀਤਾ ਸਮਰਪਿਤ

ਨਵੀਂ ਦਿੱਲੀ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦੁਨੀਆ ਭਰ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਵੱਡੀ ਸਹੂਲਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੋਂ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ਦੇ ਟਰਮੀਨਲ-3 ਵਿਖੇ 'ਪੰਜਾਬ ਸਹਾਇਤਾ ਕੇਂਦਰ ' ਦੇ ਨਾਮ ਹੇਠ ਆਹਲਾ ਦਰਜੇ ਦਾ ਐਨ.ਆਰ.ਆਈ. ਸੁਵਿਧਾ ਕੇਂਦਰ ਲੋਕਾਂ ਨੂੰ ਸਮਰਪਿਤ ਕੀਤਾ।

ਇਸ ਸਹਾਇਤਾ ਕੇਂਦਰ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਲਈ ਅੱਜ ਇਕ ਇਤਿਹਾਸਕ ਦਿਨ ਹੈ ਕਿਉਂਕਿ ਪੰਜਾਬ ਅਜਿਹਾ ਉਪਰਾਲਾ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ ਹੈ ਜਿਸ ਤੋਂ ਸੂਬਾ ਸਰਕਾਰ ਦੀ ਐਨ.ਆਰ.ਆਈ. ਭਾਈਚਾਰੇ ਦੀ ਮਦਦ ਅਤੇ ਸਹਿਯੋਗ ਕਰਨ ਲਈ ਦ੍ਰਿੜ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਕੇਂਦਰ 24 ਘੰਟੇ ਕਾਰਜਸ਼ੀਲ ਰਹੇਗਾ ਅਤੇ ਇਸ ਟਰਮੀਨਲ ਉਤੇ ਆਉਣ ਵਾਲੇ ਐਨ.ਆਰ.ਆਈਜ਼ ਅਤੇ ਹੋਰ ਮੁਸਾਫਰਾਂ ਨੂੰ ਸਹਾਇਤਾ ਪ੍ਰਦਾਨ ਕਰੇਗਾ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕੇਂਦਰ ਕੋਲ ਦੋ ਇਨੋਵਾ ਕਾਰਾਂ ਹੋਣਗੀਆਂ ਜੋ ਮੁਸਾਫਰਾਂ ਨੂੰ ਪੰਜਾਬ ਭਵਨ ਜਾਂ ਹੋਰ ਨੇੜਲੀਆਂ ਥਾਵਾਂ ਉਤੇ ਲਿਜਾਣ ਲਈ ਸਹਾਇਤਾ ਕਰਨਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਯਾਤਰੀ ਜਾਂ ਉਨ੍ਹਾਂ ਦੇ ਰਿਸ਼ਤੇਦਾਰ ਕਿਸੇ ਵੇਲੇ ਵੀ ਹਵਾਈ ਉਡਾਨਾਂ ਦੇ ਪਹੁੰਚਣ, ਉਡਾਨਾਂ ਦੇ ਸਮੇਂ, ਟੈਕਸੀ ਸਰਵਿਸ, ਹਵਾਈ ਅੱਡੇ ਉਤੇ ਗੁਆਚੇ ਸਾਮਾਨ ਬਾਰੇ ਸੂਚਿਤ ਕਰਨ ਜਾਂ ਕੋਈ ਹੋਰ ਸਹਾਇਤਾ ਲਈ ਇਸ ਕੇਂਦਰ ਤੱਕ ਪਹੁੰਚ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਮ ਦੀ ਐਮਰਜੈਂਸੀ ਆਉਂਦੀ ਹੈ ਤਾਂ ਨਵੀਂ ਦਿੱਲੀ ਸਥਿਤ ਪੰਜਾਬ ਭਵਨ, ਕਾਪਰਨਿਕਸ ਮਾਰਗ ਵਿਖੇ ਕੁਝ ਕਮਰੇ ਵੀ ਮੁਸਾਫਰਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਨੂੰ ਦਿੱਤੇ ਜਾਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਈ ਵੀ ਸਹਾਇਤਾ ਲੈਣ ਲਈ 011-61232182 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਦੀ ਘਟਨਾ ਬਾਰੇ ਸਹਾਇਕ ਸਟਾਫ ਦੀ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਨੇ ਸਮੁੱਚੇ ਖੇਡ ਜਗਤ ਨੂੰ ਵੱਡਾ ਧੱਕਾ ਲਾਇਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਲੱਖਾਂ ਖੇਡ ਪ੍ਰੇਮੀਆਂ ਦੇ ਹਿਰਦਿਆਂ ਨੂੰ ਗਹਿਰੀ ਠੇਸ ਪਹੁੰਚਾਈ ਹੈ ਜਿਸ ਕਰਕੇ ਇਸ ਦੀ ਨਿਰਪੱਖ ਜਾਂਚ ਕਰਵਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਜਾਂਚ ਨਾਲ ਨਾ ਸਿਰਫ ਲੋਕਾਂ ਦਾ ਸਮੁੱਚੇ ਢਾਂਚੇ ਵਿੱਚ ਭਰੋਸਾ ਬਹਾਲ ਹੋਵੇਗਾ ਸਗੋਂ ਇਸ ਘਟਨਾ ਦੀ ਅਸਲ ਸਚਾਈ ਬੇਪਰਦ ਹੋਵੇਗੀ। ਭਗਵੰਤ ਸਿੰਘ ਮਾਨ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਫੋਗਾਟ ਦੇ ਸਟਾਫ ਦੀ ਭੂਮਿਕਾ ਵੀ ਸ਼ੱਕੀ ਹੈ ਕਿਉਂਕਿ ਉਨ੍ਹਾਂ ਨੇ ਨਿਰਧਾਰਤ ਸੀਮਾ ਵਿੱਚ ਪਹਿਲਵਾਨ ਦਾ ਭਾਰ ਕਾਬੂ ਕਰਨ ਲਈ ਕੋਈ ਕਦਮ ਨਹੀਂ ਚੁੱਕਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਦੁਖਦਾਇਕ ਘਟਨਾ ਨੇ ਵੱਡੇ ਸੁਆਲ ਖੜ੍ਹੇ ਕੀਤੇ ਹਨ ਅਤੇ ਨਿਰਪੱਖ ਜਾਂਚ ਰਾਹੀਂ ਇਨ੍ਹਾਂ ਦਾ ਜਵਾਬ ਦਿੱਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਓਲੰਪਿਕ ਖੇਡਾਂ ਵਰਗੇ ਮਹੱਤਵਪੂਰਨ ਮੁਕਾਬਲੇ ਜਿੱਥੇ ਦੇਸ਼ ਦਾ ਸਭ ਕੁਝ ਦਾਅ ਉਤੇ ਲੱਗਾ ਹੋਵੇ, ਵਿੱਚ 100 ਗ੍ਰਾਮ ਭਾਰ ਕਾਬੂ ਕਰਨਾ ਬਹੁਤਾ ਵੱਡਾ ਮਸਲਾ ਨਹੀਂ। ਉਨ੍ਹਾਂ ਕਿਹਾ ਕਿ ਇਹ ਸਹਾਇਕ ਸਟਾਫ ਦੀ ਨਾਕਾਮੀ ਹੈ ਕਿਉਂਕਿ ਅਜਿਹੇ ਮਸਲਿਆਂ ਦਾ ਖਿਆਲ ਰੱਖਣਾ ਉਨ੍ਹਾਂ ਦੀ ਜਿੰਮੇਵਾਰੀ ਹੈ।

ਇਕ ਹੋਰ ਸਵਾਲ ਦੇ ਜਵਾਬ ਵਿੱਚ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਤੋਂ ਕੌਮੀ ਰਾਜਧਾਨੀ ਆਉਣ ਵਾਲੇ ਵਾਹਨਾਂ ਦੀ ਨਿਰਵਿਘਨ ਐਂਟਰੀ ਦਾ ਮਸਲਾ ਛੇਤੀ ਹੱਲ ਕਰ ਲਿਆ ਜਾਵੇਗਾ ਕਿਉਂਕਿ ਹੁਣ ਮਿਊਂਸਪਲ ਕਾਰਪੋਰੇਸ਼ਨ, ਦਿੱਲੀ ਵਿੱਚ ਵੀ ਆਮ ਆਦਮੀ ਪਾਰਟੀ ਸੱਤਾ ਵਿੱਚ ਹੈ।

ਓ.ਟੀ.ਐਸ-3; ਵਿੱਤ ਮੰਤਰੀ ਚੀਮਾ ਵੱਲੋਂ ਕਰ ਅਧਿਕਾਰੀਆਂ ਨੂੰ 16 ਅਗਸਤ ਤੱਕ ਰਹਿੰਦੀਆਂ ਫਰਮਾਂ ਦੁਆਰਾ ਬਕਾਇਆ ਨਿਪਟਾਰਾ ਯਕੀਨੀ ਬਣਾਉਣ ਦੇ ਨਿਰਦੇਸ਼

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਕਰ ਵਿਭਾਗ ਦੇ ਅਧਿਕਾਰੀਆਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਉਨ੍ਹਾਂ ਬਾਕੀ ਫਰਮਾਂ ਤੱਕ ਨਿੱਜੀ ਤੌਰ 'ਤੇ ਪਹੁੰਚ ਕਰਨ ਜਿਨ੍ਹਾਂ ਨੇ ਅਜੇ ਤੱਕ ਪੰਜਾਬ ਵਨ ਟਾਈਮ ਸੈਟਲਮੈਂਟ (ਸੋਧ) ਸਕੀਮ (ਓ.ਟੀ.ਐਸ.-3) ਦਾ ਲਾਭ ਨਹੀਂ ਲਿਆ ਹੈ, ਅਤੇ ਉਨ੍ਹਾਂ ਵੱਲੋਂ ਯੋਜਨਾ ਦੀ ਆਖਰੀ ਮਿਤੀ 16 ਅਗਸਤ, 2024 ਤੱਕ ਅਰਜ਼ੀ ਦੇਣ ਲਈ ਪ੍ਰੇਰਿਤ ਕਰਨ। ਇਸ ਪਹਿਲਕਦਮੀ ਦਾ ਉਦੇਸ਼ ਓ.ਟੀ.ਐਸ-3 ਦਾ ਲਾਭ ਉਠਾਉਣ ਤੋਂ ਖੁੰਝ ਗਈਆਂ ਫਰਮਾਂ ਨੂੰ ਇਸ ਯੋਜਨਾ ਤਹਿਤ ਆਪਣੇ ਕਰ ਬਕਾਏ ਦਾ ਨਿਪਟਾਰਾ ਕਰਨ ਲਈ ਉਤਸ਼ਾਹਿਤ ਕਰਨਾ ਹੈ।

ਇੱਥੇ ਪੰਜਾਬ ਭਵਨ ਵਿਖੇ ਹੋਈ ਸਮੀਖਿਆ ਮੀਟਿੰਗ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਓ.ਟੀ.ਐਸ.-3 ਤਹਿਤ ਹੋਈ ਪ੍ਰਗਤੀ ਦਾ ਮੁਲਾਂਕਣ ਕੀਤਾ ਅਤੇ 30 ਜੂਨ ਦੀ ਸਮਾਂ ਸੀਮਾ ਤੋਂ ਖੁੰਝ ਗਏ ਬਾਕੀ ਬਚੇ 11,130 ਡੀਲਰਾਂ ਜਿੰਨ੍ਹਾਂ ਅਜੇ ਇਸ ਸਕੀਮ ਅਧੀਨ ਅਪਲਾਈ ਕਰਨਾ ਹੈ, ਤੱਕ ਪਹੁੰਚਣ ਲਈ ਡਵੀਜ਼ਨ ਅਤੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੂੰ ਆਪਣੇ ਯਤਨ ਤੇਜ਼ ਕਰਨ ਲਈ ਕਿਹਾ। ਮੀਟਿੰਗ ਵਿੱਚ ਵਧੀਕ ਮੁੱਖ ਸਕੱਤਰ-ਕਮ-ਵਿੱਤ ਕਮਿਸ਼ਨਰ ਵਿਕਾਸ ਪ੍ਰਤਾਪ, ਆਬਕਾਰੀ ਤੇ ਕਰ ਕਮਿਸ਼ਨਰ ਵਰੁਣ ਰੂਜ਼ਮ, ਕਰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਡਵੀਜ਼ਨ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਨੇ ਵੀਡੀਓ ਕਾਨਫਰੰਸ ਰਾਹੀਂ ਹਿੱਸਾ ਲਿਆ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਓ.ਟੀ.ਐੱਸ.-3 ਦੀ ਸਫਲਤਾ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਰਾਹੀਂ ਜਿੱਥੇ ਕਰ ਮਾਲੀਆ ਵਿੱਚ 141.58 ਕਰੋੜ ਰੁਪਏ ਪ੍ਰਾਪਤ ਹੋਏ ਉਥੇ ਹੀ 59,182 ਡੀਲਰਾਂ ਨੇ ਇਸ ਯੋਜਨਾ ਦਾ ਲਾਭ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਬਾਕੀ ਰਹਿੰਦੀਆਂ ਫਰਮਾਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਹੋਰ ਉਤਸ਼ਾਹਿਤ ਕਰਨ ਵਿੱਚ ਸਫਲਤਾ ਦੇ ਆਧਾਰ 'ਤੇ ਹੀ ਉਨ੍ਹਾਂ ਅਧਿਕਾਰੀਆਂ ਦੀ ਕਾਰਜਕੁਸ਼ਲਤਾ ਅਤੇ ਵਚਨਬੱਧਤਾ ਦਾ ਮੁਲਾਂਕਣ ਕੀਤਾ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਟੀਚਾ ਕਰਦਾਤਾਵਾਂ ਨੂੰ ਰਾਹਤ ਪ੍ਰਦਾਨ ਕਰਨਾ ਅਤੇ ਸੂਬੇ ਨੂੰ ਆਰਥਕ ਪੱਖੋਂ ਮਜ਼ਬੂਤ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਰੇ ਅਧਿਕਾਰੀ ਇਹ ਯਕੀਨੀ ਬਣਾਉਣ ਕਿ ਇਸ ਯੋਜਨਾ ਤਹਿਤ ਸਾਰੀਆਂ ਯੋਗ ਫਰਮਾਂ ਨੂੰ ਸੂਚਿਤ ਕੀਤਾ ਜਾਵੇ ਅਤੇ ਰਾਜ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਦੇ ਨਾਲ-ਨਾਲ ਇਸ ਮੌਕੇ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ।

ਇਥੇ ਜਿਕਰਯੋਗ ਹੈ ਕਿ 15 ਨਵੰਬਰ, 2023 ਨੂੰ ਓ.ਟੀ.ਐਸ-3 ਨੂੰ ਲਾਗੂ ਕੀਤਾ ਗਿਆ ਸੀ। ਇਹ ਯੋਜਨਾ ਕਰਦਾਤਾਵਾਂ ਨੂੰ ਮੁਲਾਂਕਣ ਸਾਲ 2016-17 ਤੱਕ ਦੇ ਕੇਸਾਂ ਨੂੰ ਕਵਰ ਕਰਨ ਅਤੇ 1 ਕਰੋੜ ਰੁਪਏ ਤੱਕ ਦੇ ਬਕਾਏ ਦਾ ਨਿਪਟਾਰਾ ਕਰਨ ਲਈ ਇੱਕ ਵਾਰ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਯੋਜਨਾ ਤਹਿਤ 31 ਮਾਰਚ, 2024 ਤੱਕ 1 ਲੱਖ ਰੁਪਏ ਤੱਕ ਦੇ ਬਕਾਏ ਦੇ ਮਾਮਲੇ ਵਿੱਚ ਕਰ, ਵਿਆਜ ਅਤੇ ਜੁਰਮਾਨੇ ਦੀ ਪੂਰੀ ਛੋਟ, ਅਤੇ ਇੱਕ ਲੱਖ ਤੋਂ ਰੁਪਏ ਤੋਂ ਇੱਕ ਕਰੋੜ ਰੁਪਏ ਤੱਕ ਦੇ ਬਕਾਏ ਲਈ 100% ਵਿਆਜ, 100% ਜੁਰਮਾਨੇ, ਅਤੇ 50% ਕਰ ਦੀ ਰਕਮ ਦੀ ਮੁਆਫੀ ਦੀ ਸਹੂਲਤ ਦਿੱਤੀ ਗਈ ਹੈ।

ਭਾਸ਼ਾ ਵਿਭਾਗ ਨੇ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ

ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸ.ਹਰਜੋਤ ਸਿੰਘ ਬੈਂਸ, ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਦੀ ਰਹਿਨੁਮਾਈ ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਦੀ ਅਗਵਾਈ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਮੈਟ੍ਰਿਕ ਪੱਧਰ ਤੱਕ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਸਮਾਗਮ ਵਿੱਚ ਸ਼ਾਇਨਾ ਕਪੂਰ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ, ਪਟਿਆਲਾ ਨੇ ਮੁੱਖ ਮਹਿਮਾਨ ਅਤੇ ਪਰਮਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾ), ਪਟਿਆਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਨ੍ਹਾਂ ਮੁਕਾਬਲਿਆਂ ਵਿੱਚ ਚਾਰ ਵੰਨਗੀਆਂ ਲੇਖ ਰਚਨਾ, ਕਹਾਣੀ ਰਚਨਾ, ਕਵਿਤਾ ਰਚਨਾ ਅਤੇ ਕਵਿਤਾ ਗਾਇਨ ਸ਼ਾਮਲ ਸਨ। ਇਸ ਸਮਾਗਮ ਦਾ ਆਗਾਜ਼ ਵਿਭਾਗੀ ਧੁਨੀ ਨਾਲ ਕੀਤਾ ਗਿਆ। ਡਾ. ਮਨਜਿੰਦਰ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਆਏ ਸਮੂਹ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨ ਦਾ ਜੀ ਆਇਆਂ ਆਖ ਕੇ ਸਵਾਗਤ ਕੀਤਾ ਗਿਆ।

ਮਹਿਲਾਵਾਂ ਆਪਣੇ ਦ੍ਰਿੜ ਇਰਾਦੇ ਨਾਲ ਕੁਝ ਵੀ ਹਾਸਿਲ ਕਰ ਸਕਦੀਆਂ ਹਨ: ਡਾ. ਬਲਜੀਤ ਕੌਰ

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਹੋਟਲ ਸ਼ਿਵਾਲਿਕ ਵਿਊ ਵਿੱਚ ਨਾਰੀ ਸ਼ਕਤੀ ਵੰਦਨ ਅਧਿਨਿਯਮ, 2023 (ਮਹਿਲਾ ਰਿਜ਼ਰਵੇਸ਼ਨ ਐਕਟ) ਦੇ ਸੰਦਰਭ ਵਿੱਚ ਰਾਜਨੀਤੀ ਵਿੱਚ ਮਹਿਲਾਵਾਂ ਦੀ ਭਾਗੀਦਾਰੀ 'ਤੇ ਵਿਸ਼ੇ ਤੇ ਹੋਏ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਮਹਿਲਾਵਾਂ ਦੇ ਸ਼ਸ਼ਕਤੀਕਰਨ ਲਈ ਲਗਾਤਾਰ ਕਾਰਜ਼ਸ਼ੀਲ ਹੈ। ਇਸੇ ਉਦੇਸ਼ ਨੂੰ ਪੂਰਾ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਜੈਂਡਰ ਬਜਟ ਲਾਗੂ ਕੀਤਾ ਗਿਆ ਹੈ । ਉਨ੍ਹਾਂ ਕਿਹਾ ਕਿ ਸੂਬੇ ਵਿੱਚ ਲਿੰਗ ਅਧਾਰਿਤ ਅਸਮਾਨਤਾ ਨੂੰ ਖਤਮ ਕਰਨ ਅਤੇ ਸਰੋਤਾਂ ਦੀ ਬਰਾਬਰ ਵੰਡ ਲਈ ਪਹਿਲੀ ਵਾਰ ਜੈਂਡਰ ਬਜਟ ਪੇਸ਼ ਕੀਤਾ ਗਿਆ।

ਡਾ. ਬਲਜੀਤ ਕੌਰ ਨੇ ਅੱਗੇ ਕਿਹਾ ਕਿ ਸੂਬੇ ਅਤੇ ਰਾਸ਼ਟਰ ਪੱਧਰ ਤੇ ਮਹਿਲਾਵਾਂ ਦੀ ਰਾਜਨੀਤਕ ਭਾਗੀਦਾਰੀ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਮਹਿਲਾਵਾਂ ਨੂੰ ਜਦੋਂ ਵੀ ਮੌਕਾ ਮਿਲਿਆ ਉਹਨਾਂ ਹਰ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ, ਭਾਵੇਂ ਉਹ ਖੇਡਾਂ, ਸਿੱਖਿਆ, ਸਿਹਤ ਸੇਵਾਵਾਂ, ਪੁਲਿਸ ਜਾਂ ਆਰਮੀ ਵਿੱਚ ਭਾਗੀਦਾਰੀ ਹੋਵੇ।

ਉਨ੍ਹਾਂ ਕਿਹਾ ਕਿ ਮਹਿਲਾਵਾਂ ਨੇ ਹਮੇਸ਼ਾ ਹੀ ਆਪਣਾ ਹੱਕ ਸੰਘਰਸ਼ ਕਰਕੇ ਲਿਆ ਹੈ। ਪੰਚਾਇਤ ਰਾਜ ਸੰਸਥਾਵਾਂ ਵਿੱਚ ਮਹਿਲਾਵਾਂ ਨੂੰ 50 ਪ੍ਰਤੀਸ਼ਤ ਦਾ ਰਾਖਵਾਂਕਰਨ ਦਾ ਅਧਿਕਾਰ ਮਿਲਿਆ ਹੈ ਅਤੇ ਹੁਣ ਪਾਰਲੀਮੈਂਟ ਵਿੱਚ ਇਕ ਤਿਹਾਈ ਸੀਟਾਂ ਔਰਤਾਂ ਲਈ ਰਾਖਵੀਆਂ ਰੱਖਣ ਲਈ ਐਕਟ ਲਾਗੂ ਹੋ ਰਿਹਾ ਹੈ।

ਡਾ. ਬਲਜੀਤ ਕੌਰ ਨੇ ਇਹ ਵੀ ਕਿਹਾ ਕਿ 1900 ਦੇ ਦਹਾਕੇ ਦੇ ਸ਼ੁਰੂ ਵਿੱਚ ਦੇਸ ਵਿੱਚ ਔਰਤਾਂ ਲਈ ਵੋਟ ਦੇ ਅਧਿਕਾਰ ਲਈ ਆਰੰਭ ਹੋਇਆ ਸੰਘਰਸ

ਸੈਮਸੰਗ 'ਸੋਲਵ ਫਾਰ ਟੂਮੋਰੋ' 2022 ਦੀ ਜੇਤੂ ਟੀਮ ਸਪੁਟਨਿਕ ਬ੍ਰੇਨ ਪੈਰਿਸ 2024 ਲਈ 'ਟੂਗੈਦਰ ਫਾਰ ਟੂਮੋਰੋ, ਇਨੇਬਲਿੰਗ ਪੀਪਲਜ਼' ਡਿਜੀਟਲ ਓਲੰਪਿਕ ਕਮਿਊਨਿਟੀ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸੈਮਸੰਗ ਇਲੈਕਟ੍ਰੋਨਿਕਸ, ਇੱਕ ਵਿਸ਼ਵਵਿਆਪੀ ਓਲੰਪਿਕ ਅਤੇ ਪੈਰਾਲੰਪਿਕ ਸਮਾਰਟਫ਼ੋਨ ਪਾਰਟਨਰ, ਨੇ 31 ਜੁਲਾਈ ਨੂੰ ਪੈਰਿਸ ਵਿੱਚ ਅੰਤਰਰਾਸ਼ਟਰੀ ਓਲੰਪਿਕ ਕਮੇਟੀ (9®3) ਦੇ ਨਾਲ ਓਲੰਪਿਕ ਅਤੇ ਪੈਰਾਲੰਪਿਕ ਖੇਡਾਂ ਦੇ ਪ੍ਰਸ਼ੰਸਕਾਂ ਸਮੇਤ ਲੋਕਾਂ ਲਈ ਇੱਕ ਨਵੇਂ ਡਿਜੀਟਲ ਭਾਈਚਾਰੇ ਨੂੰ ਲਾਂਚ ਕਰਨ ਅਤੇ ਉਤਸ਼ਾਹਿਤ ਕਰਨ ਲਈ ਇੱਕ ਇਵੈਂਟ ਦੀ ਮੇਜ਼ਬਾਨੀ ਕੀਤੀ ਜਿਸ ਦਾ ਨਾਮ ਟੂਗੈਦਰ ਫਾਰ ਟੂਮੋਰੋ,ਇਨੇਬਲਿੰਗ ਪੀਪਲ ਹੈ। ਸੈਮਸੰਗ ਇੰਡੀਆ ਨੂੰ ਟੀਮ ਸਪੁਟਨਿਕ ਬ੍ਰੇਨ ਦੇ ਸ਼ੰਕਰ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ, ਸੋਲਵ ਫਾਰ ਟੂਮੋਰੋ, 2022 ਦੇ ਜੇਤੂ, ਅਤੇ ਉਸ ਦੇ ਵਿਕਾਸ ਅਤੇ ਸਫਲਤਾ ਦੀ ਕਾਮਨਾ ਕਰਦੇ ਹਨ। ਅਸੀਂ ਤਣਾਅ ਨੂੰ ਘੱਟ ਕਰਨ ਅਤੇ ਸਿਹਤ ਸੰਭਾਲ ਵਿੱਚ ਕਾਫ਼ੀ ਸੁਧਾਰ ਕਰਨ ਲਈ ਉਸਦੇ ਹੱਲ ਵਿੱਚ ਬਹੁਤ ਸੰਭਾਵਨਾ ਦੇਖਦੇ ਹਾਂ। ਸਾਨੂੰ 'ਟੂਗੈਦਰ ਫਾਰ ਟੂਮਾਰੋ, ਇਨੇਬਲਿੰਗ ਪੀਪਲ' ਪ੍ਰੋਗਰਾਮ 'ਤੇ ਵੀ ਮਾਣ ਹੈ ਜਿਸ ਨੇ ਨੌਜਵਾਨਾਂ ਨੂੰ ਓਲੰਪਿਕ ਦੇ ਮੁੱਲਾਂ ਵਿੱਚ ਹਿੱਸਾ ਲੈਣ ਅਤੇ ਅਨੁਭਵ ਕਰਨ ਦਾ ਮੌਕਾ ਪ੍ਰਦਾਨ ਕੀਤਾ। ਸੈਮਸੰਗ ਦੱਖਣ-ਪੱਛਮੀ ਏਸ਼ੀਆ ਦੇ ਕਾਰਪੋਰੇਟ ਵਾਈਸ ਪ੍ਰੈਜ਼ੀਡੈਂਟ ਐਸਪੀ ਚੁਨ ਨੇ ਕਿਹਾ।

ਟੀਮ ਸਪੁਟਨਿਕ ਬ੍ਰੇਨ ਦੇ ਸ਼ੰਕਰ ਸ਼੍ਰੀਨਿਵਾਸਨ ਨੇ ਕਿਹਾ, ਸੈਮਸੰਗ ਸੋਲਵ ਫਾਰ ਟੂਮੋਰੋ ਨੌਜਵਾਨਾਂ ਨੂੰ ਨਵੀਨਤਾਕਾਰੀ ਹੱਲਾਂ ਰਾਹੀਂ ਸਕਾਰਾਤਮਕ ਤਬਦੀਲੀ ਲਿਆਉਣ ਦਾ ਅਦੁੱਤੀ ਮੌਕਾ ਪ੍ਰਦਾਨ ਕਰਦਾ ਹੈ, ਜਿਸ ਨੇ ਭਾਰਤ ਦੀ ਨੁਮਾਇੰਦਗੀ ਕੀਤੀ। ਸ਼ੰਕਰ, ਜਿਸ ਨੇ ਤਣਾਅ ਨੂੰ ਘਟਾਉਣ ਦੇ ਉਦੇਸ਼ ਨਾਲ ਇੱਕ ਗੈਰ-ਹਮਲਾਵਰ ਪਹਿਨਣਯੋਗ ਯੰਤਰ ਵਿਕਸਿਤ ਕੀਤਾ ਹੈ, ਜੋ ਰਸਾਇਣ-ਮੁਕਤ ਤਣਾਅ ਰਾਹਤ ਹੱਲਾਂ ਦੀ ਵਿਸ਼ਵਵਿਆਪੀ ਲੋੜ ਨੂੰ ਸੰਬੋਧਿਤ ਕਰਦਾ ਹੈ, ਭਵਿੱਖ ਵਿੱਚ ਮਾਨਸਿਕ ਸਿਹਤ ਸੰਭਾਲ ਵਿੱਚ ਸੁਧਾਰ ਕਰਨਾ ਚਾਹੁੰਦਾ ਹੈ। ਉਸਨੇ ਕਿਹਾ, ÷ਮੈਂ ਅਜਿਹੇ ਵੱਕਾਰੀ ਗਲੋਬਲ ਪਲੇਟਫਾਰਮ 'ਤੇ ਆਪਣੇ ਦੇਸ਼ ਭਾਰਤ ਦੀ ਨੁਮਾਇੰਦਗੀ ਕਰਨ ਲਈ ਬਹੁਤ ਖੁਸ਼ ਅਤੇ ਸਨਮਾਨਤ ਹਾਂ, ਜਿੱਥੇ ਮੈਂ ਆਪਣੇ ਗ੍ਰਹਿ ਲਈ ਇੱਕ ਉੱਜਵਲ ਭਵਿੱਖ ਬਣਾਉਣ ਵਿੱਚ ਮਦਦ ਕਰਨ ਲਈ ਆਪਣੀ ਨਵੀਨਤਾ ਅਤੇ ਦ੍ਰਿਸ਼ਟੀ ਪੇਸ਼ ਕਰਦਾ ਹਾਂ।÷

ਇਹ ਸਮਾਗਮ ਪੈਰਿਸ 2024 ਨੂੰ ਸਮਰਪਿਤ ਪੈਰਿਸ ਵਿੱਚ ਇੱਕ ਬਹੁ-ਉਪਯੋਗੀ ਪ੍ਰਦਰਸ਼ਨੀ ਸਥਾਨ SPOTBD ਵਿਖੇ ਆਯੋਜਿਤ ਕੀਤਾ ਗਿਆ ਸੀ ਅਤੇ ਇਸ ਵਿੱਚ 9®3 ਦੇ ਟੈਲੀਵਿਜ਼ਨ ਅਤੇ ਮਾਰਕੀਟਿੰਗ ਸੇਵਾਵਾਂ ਦੇ 9®3 ਪ੍ਰਧਾਨ ਥਾਮਸ ਬਾਕ ਐਮਡੀ ਐਨੇ-ਸੋਫੀ ਵੌਮਰਡ, ਪੈਰਾਲੰਪਿਕ ਕਮੇਟੀ (9♦3) ਦੇ ਪ੍ਰਧਾਨ ਐਂਡਰਿਊ ਪਾਰਸਨਜ਼ ਦੇ ਪ੍ਰਧਾਨ ਅਤੇ ਮੁਖੀ ਨੇ ਸ਼ਿਰਕਤ ਕੀਤੀ। ਸੈਮਸੰਗ ਇਲੈਕਟ੍ਰਾਨਿਕਸ ਵਿਖੇ ਗਲੋਬਲ ਮਾਰਕੀਟਿੰਗ ਦਫਤਰ ਦੇ ♠8 ਲੀ ਸੈਮਸੰਗ ਇਲੈਕਟ੍ਰਾਨਿਕਸ ਯੂਰਪ ਦਫਤਰ ਦੇ ਪ੍ਰਧਾਨ ਇਲ-ਕਿਯੁੰਗ ਸੂੰਗ ਅਤੇ ਲੂਕ ਅਬਾਲੋ ਇੱਕ ਸਾਬਕਾ ਸੋਨ ਤਗਮਾ ਜੇਤੂ ਫਰਾਂਸੀਸੀ ਹੈਂਡਬਾਲ ਖਿਡਾਰੀ ਅਤੇ ਨਿਪੁੰਨ ਵਿਜ਼ੂਅਲ ਕਲਾਕਾਰ ਅਤੇ ਪੈਰਿਸ 2024 ਲਈ ਓਲੰਪਿਕ ਮਿਊਜ਼ੀਅਮ ਦੀ ਅਗਵਾਈ ਵਿੱਚ ਓਲੰਪੀਅਨ ਕਲਾਕਾਰ ਪ੍ਰੋਗਰਾਮ ਵਿੱਚ ਭਾਗੀਦਾਰ ਹਨ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਨੇ ਡੀ ਐਸ ਪੀ ਗੁਰੂ ਹਰਸਹਾਏ ਦਾ ਪੁੱਤਲਾ ਫੂਕਿਆ

ਜ਼ੀਰਾ ,9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਬਲਾਕ ਜ਼ੀਰਾ ਦੀ ਮੀਟਿੰਗ ਬਲਾਕ ਖਜਾਨਚੀ ਬਾਬਾ ਗੁਰਦੀਪ ਸਿੰਘ ਦੀ ਅਗਵਾਈ ਹੇਠ ਵਸਤੀ ਗਾਮੇ ਵਾਲੀ ਵਿਖੇ ਕੀਤੀ ਗਈ । ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ,ਜਿਲ੍ਹਾ ਸਹਿ ਸਕੱਤਰ ਗੁਰਚਰਨ ਸਿੰਘ ਮਲਸੀਆਂ ਕਲਾਂ, ਜ਼ਿਲ੍ਹਾ ਪ੍ਰੈਸ ਸਕੱਤਰ ਗੁਰਭੇਜ ਸਿੰਘ ਟਿੱਬੀ ਕਲ੍ਹਾਂ ਤੇ ਸੂਬਾ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ । ਮੀਟਿੰਗ ਵਿੱਚ 9 ਅਗਸਤ ਤੋਂ ਐਸ ਐਸ ਪੀ ਦਫਤਰ ਦੇ ਸਾਹਮਣੇ ਲੱਗਣ ਵਾਲੇ ਧਰਨੇ ਦੀ ਤਿਆਰੀ ਕਰਵਾਈ ਗਈ ।

ਬਸਤੀ ਗਾਮੇਵਾਲੀ ਵਿਖੇ ਡੀ ਐੱਸ ਪੀ ਗੁਰੂ ਹਰਸਹਾਏ ਦਾ ਪੁੱਤਲਾ ਫੂਕਦੇ ਕਿਸਾਨ

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਨਛੱਤਰ ਸਿੰਘ ਮਲਸੀਆਂ ਨੇ ਦੱਸਿਆ ਕਿ 22 ਜੁਲਾਈ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਡੀ ਐਸ ਪੀ ਗੁਰੂ ਹਰ ਸਹਾਏ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ ਸੀ । ਉਸ ਸਮੇਂ ਡੀ ਐਸ ਪੀ ਅਤੁਲ ਸੋਨੀ ਵੱਲੋਂ ਜਥੇਬੰਦੀ ਦੇ ਆਗੂਆਂ ਨਾਲ ਬੇਹੱਦ ਮਾੜਾ ਵਿਹਾਰ ਕਰਨ ਅਤੇ ਧਰਨਾਕਾਰੀਆਂ ਦੀਆਂ ਮੰਗਾਂ ਨਾ ਸੁਣਨ ਦੇ ਰੋਸ ਵਜੋਂ ਜ਼ਿਲ੍ਹੇ ਦੀ ਮੀਟਿੰਗ ਵਿੱਚ ਐਸ ਐਸ ਪੀ ਦਫਤਰ ਫਿਰੋਜ਼ਪੁਰ ਵਿਖੇ ਧਰਨਾ ਲਾਉਣ ਦਾ ਫੈਸਲਾ ਕੀਤਾ ਗਿਆ ।

ਅੱਜ ਫਿਰੋਜ਼ਪੁਰ ਸ਼ਹਿਰੀ ਬਲਾਕ ਦੀ ਮੀਟਿੰਗ ਕਰਕੇ ਧਰਨੇ ਦੀ ਤਿਆਰੀ ਕਰਵਾਈ ਗਈ ਤੇ ਜ਼ਿੰਮੇਵਾਰੀ ਦਿਤੀਆ ਗਈਆ ਉਹਨਾਂ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਅੰਦਰ ਵੱਖ ਵੱਖ ਥਾਣਿਆਂ ਵਿੱਚ ਕੀਤੇ ਗਏ ਝੂਠੇ ਮੁਕੱਦਿਮਆ ਨੂੰ ਰੱਦ ਕਰਵਾਉਣ ਲਈ ਅਤੇ ਠੱਗੀ ਦੇ ਸ਼ਿਕਾਰ ਕਿਸਾਨਾਂ ਦੇ ਪੈਸੇ ਵਾਪਿਸ ਦਿਵਾਉਣ ਲਈ ਤੇ ਉਹਨਾ ਠੱਗਾਂ ਖਿਲਾਫ ਮੁਕਦਮੇ ਦਰਜ ਕਰਵਾਉਣ ਲਈ ਇਹ ਧਰਨਾ ਦਿੱਤਾ ਜਾਵੇਗਾ । ਉਹਨਾਂ ਕਿਹਾ ਕਿ ਮੀਟਿੰਗ ਵਿੱਚ ਕਿਸਾਨਾਂ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਿਲ ਹੋਣਗੇ ।

ਮੀਟਿੰਗ ਦੇ ਅਖੀਰ ਵਿਚ ਗੁਰੂ ਹਰ ਸਹਾਏ ਦੇ ਡੀ ਐਸ ਪੀ ਅਤੁੱਲ ਸੋਨੀ ਦਾ ਪੁਤਲਾ ਫੂਕਿਆ ਗਿਆ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜੀ ਵੀ ਕੀਤੀ ਗਈ । ਇਸ ਮੌਕੇ ਬੂਟਾ ਸਿੰਘ, ਲਖਬੀਰ ਸਿੰਘ, ਰਾਜਿੰਦਰ ਸਿੰਘ, ਦਰਸ਼ਨ ਸਿੰਘ, ਸੁਖਦੇਵ ਸਿੰਘ, ਗੁਰਚਰਨ ਸਿੰਘ, ਕੁਲਵਿੰਦਰ ਸਿੰਘ, ਹਰਦੀਪ ਸਿੰਘ, ਸੁਖਦੇਵ ਸਿੰਘ, ਉਡੀਕ ਸਿੰਘ, ਪ੍ਰੀਤਮ ਸਿੰਘ, ਸੁਰਿੰਦਰ ਸਿੰਘ, ਚਰਨਜੀਤ ਸਿੰਘ, ਦਵਿੰਦਰਪਾਲ ਸਿੰਘ' ਚਰਨਜੀਤ ਸਿੰਘ, ਪਾਲਵਿੰਦਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

ਸਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬ ਦੇ ਲੋਕ ਨਾਚ ਗਿੱਧਾ, ਭੰਗੜਾ ਖਿੱਚ ਦੇ ਕੇਂਦਰ ਰਹਿਣਗੇ

ਮਲੇਰਕੋਟਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪੱਧਰ ਤੇ ਸੁਤੰਤਰਤਾ ਦਿਵਸ ਨੂੰ ਉਤਸ਼ਾਹ ਨਾਲ ਮਨਾਉਣ ਮੌਕੇ ਆਯੋਜਿਤ ਹੋਣ ਵਾਲੇ ਸਭਿਆਚਾਰਕ ਪ੍ਰੋਗਰਾਮ ਦੀ ਰਿਹਰਸਲਾਂ ਦਾ ਆਯੋਜਨ ਸਥਾਨਿਕ ਡਾਕਟਰ ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਕੀਤਾ ਗਿਆ। ਸੁਤੰਤਰਤਾ ਦਿਵਸ ਮੌਕੇ ਆਯੋਜਿਤ ਹੋਣ ਵਾਲੇ ਰੰਗਾਂ ਰੰਗ ਸਭਿਆਚਾਰਕ ਪ੍ਰੋਗਰਾਮ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵੱਲੋਂ ਵੱਧ ਚੜ ਕੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਜਾ ਰਿਹਾ ਹੈ।

ਸਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹਾ ਮਾਲ ਅਫਸਰ ਸ੍ਰੀਮਤੀ ਮਨਦੀਪ ਕੌਰ ਨੇ ਦੱਸਿਆ ਕਿ ਸਾਡੇ ਦੇਸ਼ ਦੇ ਆਜ਼ਾਦੀ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਮਾਗਮ 19 ਅਗਸਤ ਨੂੰ ਸਥਾਨਿਕ ਡਾਕਟਰ ਜ਼ਾਕਿਰ ਹੁਸੈਨ ਸਟੇਡੀਅਮ ਵਿਖੇ ਪੂਰੀ ਦੇਸ਼ ਭਗਤੀ ਦੀ ਭਾਵਨਾ ਅਤੇ ਪੂਰੇ ਉਤਸਾਹ ਨਾਲ ਆਯੋਜਿਤ ਕੀਤੇ ਜਾਵੇਗਾ ।

ਉਨ੍ਹਾਂ ਦੱਸਿਆ ਕਿ ਇਸ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਪੰਜਾਬ ਪੁਲਿਸ, ਹੋਮ ਗਾਰਡਜ਼, ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ, ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਤੇ ਅਧਾਰਿਤ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ ਅਤੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕਾਰਗੁਜ਼ਾਰੀ ਵਿਖਾਉਣ ਵਾਲਿਆਂ ਦਾ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸੱਭਿਆਚਾਰ ਪ੍ਰੋਗਰਾਮ ਦੌਰਾਨ ਪੰਜਾਬ ਦੇ ਲੋਕ ਨਾਚ ਗਿੱਧਾ, ਭੰਗੜਾ ਆਦਿ ਖਿੱਚ ਦਾ ਕੇਂਦਰ ਹੋਣਗੇ ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਸਬੰਧੀ ਅਗਲੀ ਰਿਹਰਸਲ 09 ਅਗਸਤ ਨੂੰ ਹੋਵੇਗੀ। ਇਸ ਮੌਕੇ ਡਾ.ਮੀਨਾ ਕੁਮਾਰ, ਡਾ.ਸਲੀਮ ਜ਼ੁਬੈਰੀ, ਪ੍ਰਿੰਸੀਪਲ ਆਰਤੀ ਗੁਪਤਾ, ਸੰਦੀਪ ਮਟਕਣ ਤੋਂ ਇਲਾਵਾ ਵੱਖ ਵੱਖ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਇੰਚਾਰਜ ਹਾਜ਼ਰ ਸਨ ।

ਆਜ਼ਾਦੀ ਦਿਵਸ ਸਮਾਗਮ ਦੀਆਂ ਤਿਆਰੀਆਂ ਸਬੰਧੀ ਮੀਟਿੰਗ

ਪਿਹੋਵਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਐੱਸਡੀਐੱਮ ਅਮਨ ਕੁਮਾਰ ਨੇ ਦੱਸਿਆ ਕਿ ਭਾਰਤ ਦਾ ਸੁਤੰਤਰਤਾ ਦਿਵਸ ਹਰ ਸਾਲ 15 ਅਗਸਤ ਨੂੰ ਪੂਰੇ ਦੇਸ਼ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸਬ-ਡਿਵੀਜ਼ਨ ਪਿਹੋਵਾ ਵਿੱਚ 15

ਅਗਸਤ 2024 ਨੂੰ 77ਵਾਂ ਸੁਤੰਤਰਤਾ ਦਿਵਸ ਮਨਾਇਆ ਜਾਵੇਗਾ। ਉਹ ਸੋਮਵਾਰ ਨੂੰ ਆਪਣੇ ਦਫ਼ਤਰ ਵਿੱਚ ਆਜ਼ਾਦੀ ਦਿਵਸ ਸਮਾਗਮ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਮੀਟਿੰਗ ਕਰ ਰਹੇ ਸਨ। ਉਨ੍ਹਾਂ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਬ-ਡਵੀਜ਼ਨ ਪਿਹੋਵਾ ਵਿੱਚ ਸੁਤੰਤਰਤਾ ਦਿਵਸ ਧੂਮਧਾਮ ਨਾਲ ਮਨਾਇਆ ਜਾਵੇਗਾ। ਸੁਤੰਤਰਤਾ ਦਿਵਸ ਸਮਾਗਮ ਪਿਹੋਵਾ ਦੀ ਅਨਾਜ ਮੰਡੀ ਦੇ ਵਿਹੜੇ ਵਿੱਚ ਮਨਾਇਆ ਜਾਵੇਗਾ ਅਤੇ ਪ੍ਰੋਗਰਾਮ ਦੀ ਅੰਤਿਮ ਰਿਹਰਸਲ 13 ਅਗਸਤ ਨੂੰ ਪਿਹੋਵਾ ਦੀ ਅਨਾਜ ਮੰਡੀ ਵਿੱਚ ਹੀ ਹੋਵੇਗੀ। ਉਨ੍ਹਾਂ ਨਗਰ ਪਾਲਿਕਾ ਸਕੱਤਰ ਨੂੰ ਹਦਾਇਤ ਕੀਤੀ ਕਿ ਕਿਉਂਕਿ ਬਰਸਾਤ ਦਾ ਮੌਸਮ ਹੈ, ਇਸ ਲਈ ਅਨਾਜ ਮੰਡੀ ਵਿੱਚ ਹਰ ਤਰ੍ਹਾਂ ਦੀਆਂ ਸਹੂਲਤਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ। ਅਨਾਜ ਮੰਡੀ ਪਿਹੋਵਾ ਵਿੱਚ ਸਫ਼ਾਈ ਅਤੇ ਸਟੇਜ ਸਜਾਉਣ ਦਾ ਕੰਮ ਨਗਰ ਸਕੱਤਰ ਵੱਲੋਂ ਕਰਵਾਇਆ ਜਾਵੇਗਾ। ਉਨ੍ਹਾਂ ਬਲਾਕ ਸਿੱਖਿਆ ਅਫ਼ਸਰ ਨੂੰ ਆਦੇਸ਼ ਦਿੱਤੇ ਕਿ ਆਜ਼ਾਦੀ ਦਿਵਸ ਸਮਾਗਮਾਂ ਵਿੱਚ ਰਾਸ਼ਟਰੀ ਭਗਤੀ ਗੀਤ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਲਈ ਸਾਰੇ ਸਕੂਲਾਂ ਵਿੱਚੋਂ ਚੰਗੀਆਂ ਟੀਮਾਂ ਦੀ ਚੋਣ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਮੇਨ ਚੌਕ ਤੋਂ ਲੈ ਕੇ ਸ਼ਹੀਦੀ ਸਮਾਰਕ ਤੱਕ ਸਜਾਵਟ ਦਾ ਕੰਮ ਕੀਤਾ ਜਾਵੇ ਅਤੇ ਸ਼ਹਿਰ ਨੂੰ ਸੁੰਦਰ ਬਣਾਇਆ ਜਾਵੇ। ਉਨ੍ਹਾਂ ਸਮੂਹ ਵਿਭਾਗਾਂ ਨੂੰ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰਨ ਦੇ ਆਦੇਸ਼ ਦਿੱਤੇ ਤਾਂ ਜੋ ਪ੍ਰੋਗਰਾਮ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਨਗਰ ਕੌਂਸਲ ਪ੍ਰਧਾਨ ਹਰਜੀਤ ਜੀਤਾ ਨੇ ਖਿਡਾਰੀਆਂ ਨੂੰ ਵੰਡੀਆਂ ਖੇਡ ਕਿੱਟਾਂ

ਸ੍ਰੀ ਅਨੰਦਪੁਰ ਸਾਹਿਬ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਚਰਨ ਗੰਗਾ ਸਟੇਡੀਅਮ ਸ੍ਰੀ ਅਨੰਦਪੁਰ ਸਾਹਿਬ ਵਿੱਚ ਚਲਾਈ ਜਾ ਰਹੀ ਹਾਕੀ ਅਕੈਡਮੀ ਦੇ ਖਿਡਾਰੀਆਂ ਨੂੰ ਖੇਡ ਕਿੱਟਾਂ ਵੰਡਣ ਲਈ ਅੱਜ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਵਿਸ਼ੇਸ਼ ਤੌਰ 'ਤੇ ਪੁੱਜੇ। ਉਹਨਾਂ ਵੱਲੋਂ ਇਹ ਖੇਡ ਕਿੱਟਾਂ 60 ਖਿਡਾਰੀਆਂ ਨੂੰ ਵੰਡੀਆਂ ਗਈਆਂ।

ਉਨ੍ਹਾਂ ਦੇ ਸਟੇਡੀਅਮ ਵਿੱਚ ਪੁੱਜਣ 'ਤੇ ਹਾਕੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਮੈਂਬਰ ਸਾਹਿਬਾਨ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ ਅਤੇ ਕਲੱਬ ਦੀਆਂ ਪ੍ਰਾਪਤੀਆਂ ਅਤੇ ਹਾਕੀ ਖੇਡ ਨੂੰ ਪ੍ਰਫੁੱਲਿਤ ਕਰਨ ਲਈ ਕਲੱਬ ਵੱਲੋਂ ਕੀਤੇ ਜਾ ਰਹੇ ਯਤਨਾਂ ਤੋਂ ਜਾਣੂ ਕਰਵਾਇਆ ਗਿਆ।

ਇਸ ਮੌਕੇ ਉਹਨਾਂ ਨਾਲ ਵਿਸ਼ੇਸ਼ ਤੌਰ 'ਤੇ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ ਵੀ ਖਿਡਾਰੀਆਂ ਦੀ ਹੌਸਲਾ ਵਜਾਈ ਕਰਨ ਲਈ ਪੁੱਜੇ।

ਇਸ ਮੌਕੇ ਕਲੱਬ ਦੇ ਕੋਚ ਕਮਲਪ੍ਰੀਤ ਸਿੰਘ ਮੱਟੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਧਾਨ ਨਗਰ ਕੌਂਸਲ ਹਰਜੀਤ ਜੀਤਾ ਹਮੇਸ਼ਾ ਕਲੱਬ ਦੀ ਸਹਾਇਤਾ ਕਰਨ ਲਈ ਯਤਨਸ਼ੀਲ ਰਹਿੰਦੇ ਹਨ ਅਤੇ ਉਨਾਂ ਦੀ ਖੇਡਾਂ ਨੂੰ ਉਤਸ਼ਾਹਿਤ ਕਰਨ ਪ੍ਰਤੀ ਵਿਸ਼ੇਸ਼ ਰੁਚੀ ਹੈ। ਇਸ ਮੌਕੇ ਕਲੱਬ ਦੇ ਸਰਪ੍ਰਸਤ ਕੈਪਟਨ ਤਰਸੇਮ ਸਿੰਘ ਜੀ, ਮੈਂਬਰ ਡਾ. ਵੀਰਪਾਲ ਸਿੰਘ, ਮਾ. ਜਸਕਰਨ ਸਿੰਘ, ਮਾ. ਜਸਵਿੰਦਰ ਸਿੰਘ, ਕਾਬਲ ਸਿੰਘ, ਹਰਵਿੰਦਰ ਸਿੰਘ ਬੇਲਾ, ਡੀ ਪੀ ਅਮਰਜੀਤ ਸਿੰਘ ਆਦਿ ਹਾਜ਼ਰ ਸਨ।

ਸਪੋਰਟਸ ਕਾਲਜ ਨੇ ਸੀਨੀਅਰ ਨੈਸ਼ਨਲ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਜਿੱਤੇ ਤਮਗੇ

ਦੁਨੀਆਂ ਦੇ ਸਭ ਤੋਂ ਖੂਬਸੂਰਤ ਜਲ ਸਰੋਤ - ਜਿਹਨਾਂ ਦੇ ਪਾਣੀ ਵਿਚ ਜਹਿਰ ਹੈ, ਹੱਥ ਲਗਾਉਣ ਨਾਲ ਵੀ ਜਾ ਸਕਦੀ ਹੈ

ਦਾ ਬੋਇਲਿੰਗ ਲੇਕ, ਡੋਮੀਨਿਕਾ

ਕੈਰੀਬੀਆਈ ਦੇਸ਼ ਡੋਮੀਨਿਕਾ ਵਿਚ ਇਕ ਝੀਲ ਹੈ, ਜੋ ਕਾਫੀ ਖਤਰਨਾਕ ਹੈ। ਇਸ ਝੀਲ ਨੂੰ 'ਦਾ ਬਾਇਲਿੰਗ ਲੇਕ' ਕਿਹਾ ਜਾਂਦਾ ਹੈ। ਇੱਥੋਂ ਦੇ ਪਾਣੀ ਦਾ ਤਾਪਮਾਨ 194 ਡਿਗਰੀ ਫਾਰਨਹੀਟ ਹੈ। ਇੰਨੇ ਵਿਚ ਇਨਸਾਨ ਉਬਲ ਜਾਵੇ।

ਰਿਓ ਟਿਨਟੋ, ਸਪੇਨ

ਦੂਰ ਤੋਂ ਦੇਖਣ ਵਿਚ ਕਾਫੀ ਖੂਬਸੂਰਤ ਨਜ਼ਰ ਆਉਣ ਵਾਲੀ ਇਹ ਝੀਲ ਕਾਫੀ ਖਤਰਨਾਕ ਵੀ ਹੈ। ਇਸ ਪਾਣੀ ਵਿਚ ਐਸਿਡ ਦੀ ਕਾਫੀ ਮਾਤਰਾ ਹੈ। ਇਕ ਵਾਰ ਨਾਸਾ ਦੇ ਵਿਗਿਆਨੀਆਂ ਨੇ ਇਸ ਪਾਣੀ ਦੀ ਜਾਂਚ-ਪੜਤਾਲ ਕੀਤੀ। ਉਹਨਾਂ ਨੇ ਪਾਇਟਾ ਕਿ ਇਸਦਾ ਤਾਪਮਾਨ ਉਨਾ ਹੀ ਹੈ ਜਿੰਨਾਂ ਮੰਗਲ ਗ੍ਰਹਿ ਤੇ ਹੈ।

ਲੇਕ ਨਾਟਰਨ, ਤਨਜਾਨੀਆ

ਦੁਨੀਆਂ ਵਿਚ ਗੁਲਾਬੀ ਝੀਲ ਦੇ ਨਾਂ ਨਾਲ ਮਸ਼ਹੂਰ ਇਸ ਝੀਲ ਵਿਚ ਨਮਕ ਅਤੇ ਸੋਡੇ ਦਾ ਮਿਸ਼ਰਣ ਹੈ। ਇਸ ਝੀਲ ਦਾ ਪਾਣੀ 140 ਡਿਗਰੀ ਫਾਰਨਹੀਟ ਹੈ।



ਦੀ ਬਰਕਲੇ ਪਿਟ, ਮੋਨਟਾਨਾ

ਇਸ ਝੀਲ ਦੇ ਪਾਣੀ ਵਿਚ ਐਸੀਡਿਕ ਵਾਟਰ ਅਤੇ ਕਈ ਕੈਮੀਕਲਜ਼ ਮੌਜੂਦ ਹਨ। ਪਹਿਲਾਂ ਲੋਕ ਇੱਥੇ ਕਾਫੀ ਮੌਜ ਮਸਤੀ ਕਰਨ ਆਉਂਦੇ ਸਨ ਪਰ ਬਾਅਦ ਵਿਚ ਪਾਣੀ ਖਰਾਬ ਹੋਣ ਦੇ ਕਾਰਨ ਇੱਥੇ ਲੋਕਾਂ ਦਾ ਆਉਣਾ ਜਾਣਾ ਬੰਦ ਹੋ ਗਿਆ।

ਮੋਨੋ ਲੇਕ, ਕੈਲੀਫੋਰਨੀਆ

ਮੋਨੋ ਝੀਲ ਦੇ ਪਾਣੀ ਵਿਚ ਨਮਕ ਅਤੇ ਸੋਡਾ ਮਿਲਿਆ ਹੋਇਆ ਹੈ। ਇਹ ਪਾਣੀ ਕਾਫੀ ਸਾਫ ਤਾਂ ਹੈ, ਨਾਲ ਹੀ ਭਾਰੀ ਵੀ ਹੈ। ਇਸ ਪਾਣੀ ਵਿਚ ਕਾਰਬੋਨੇਟ ਦੀ ਮਾਤਰਾ ਜ਼ਿਆਦਾ ਹੈ। ਜਿਸਦੇ ਕਾਰਨ ਇਸਦਾ ਪੀ. ਐਚ. ਵੈਲਿਊ 10 ਹੈ।



ਲੇਕ ਨੋਇਸ, ਕੈਮਰਨ

ਇਹ ਵੋਲਕੈਨੋ ਝੀਲ ਹੈ। ਇਸਦੇ ਪਾਣੀ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਕਾਫੀ ਜ਼ਿਆਦਾ ਹੈ। ਸਾਲ 1986 ਦੀ ਗੱਲ ਹੈ, ਇਸ ਝੀਲ ਦੇ ਨਜ਼ਦੀਕ ਰਹਿਣ ਵਾਲੇ ਕਰੀਬ 1700 ਲੋਕ ਰਾਤ ਨੂੰ ਸੁੱਤੇ ਤਾਂ ਫਿਰ ਕਦੀ ਨਹੀਂ ਉਠ ਸਕੇ। ਸਫੋਕੇਸ਼ਨਦੇ ਕਾਰਨ ਉਹਨਾਂ ਦੀ ਮੌਤ ਹੋ ਗਈ ਸੀ।

ਸਿਟੇਰੀਅਮ ਦਰਿਆ, ਇੰਡੋਨੇਸ਼ੀਆ

ਇਹ ਦੁਨੀਆਂ ਦੀ ਸਭ ਤੋਂ ਜ਼ਿਆਦਾ ਪ੍ਰਦੂਸ਼ਿਤ ਨਦੀ ਹੈ। ਇਸ ਵਿਚ ਲੈਡ, ਕੈਡਮੀਅਮ, ਕ੍ਰੋਮੀਅਮ ਅਤੇ ਪੈਸਟੀਸਾਈਡਜ ਹਨ। ਇਸਦਾ ਪਾਣੀ ਬਹੁਤ ਜ਼ਿਆਦਾ ਖਤਰਨਾਕ ਮੰਨਿਆ ਜਾਂਦਾ ਹੈ।



ਲੇਕ ਕਰਾਚੇ, ਰੂਸ

ਇਹ ਰੂਸ ਦਾ ਸਭ ਤੋਂ ਪ੍ਰਦੂਸ਼ਿਤ ਇਲਾਕਾ ਹੈ। ਇਸ ਝੀਲ ਦੇ ਪਾਣੀ ਵਿਚ ਰੇਡੀਓ ਐਕਟਿਵ ਦੀ ਕਾਫੀ ਮਾਤਰਾ ਹੈ, ਇਸ ਕਰਕੇ ਇਸ ਵਿਚ ਵੜਨਾ ਕੋਈ ਵੀ ਨਹੀਂ ਚਾਹੁੰਦਾ।

ਨੌਰਥ ਕੋਰੀਆ ਨੂੰ ਨਹੀਂ ਪਰਮਾਣੂ ਹਮਲੇ ਦਾ ਡਰ

ਅਮਰੀਕਾ ਦੇ ਗਵਾਗਾ ਆਈਲੰਡ ਤੇ ਪਰਮਾਣੂ ਹਮਲੇ ਦੀ ਧਮਕੀ ਦੇ ਕਾਰਨ ਨੌਰਥ ਕੋਰੀਆ ਅਤੇ ਅਮਰੀਕਾ ਵਿਚਗਾਰ ਜੰਗ ਦੇ ਹਾਲਾਤ ਹਨ। ਨੌਰਥ ਕੋਰੀਆ ਨੇ ਇੱਥੋਂ ਤੱਕ ਦਾਅਵਾ ਕੀਤਾ ਹੈ ਕਿ ਉਹ ਅਗਸਤ ਦੇ ਅਖੀਰ ਤੱਕ ਗਵਾਗਾ ਤੇ ਹਮਲਾ ਕਰ ਦੇਣਗੇ। ਕਿਮ ਨੇ ਇਹ ਧਮਕੀ ਅਮਰੀਕਨ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਤੋਂ ਬਾਅਦ ਦਿੱਤੀ ਹੈ, ਜਿਸ ਵਿਚ ਟਰੰਪ ਨੇ ਕਿਹਾ ਸੀ ਕਿ ਉਹ ਨੌਰਥ ਕੋਰੀਆ ਤੇ ਇੰਨੇ ਬੰਬ ਸੁੱਟੇਗਾ ਕਿ ਦੁਨੀਆਂ ਨੇ ਹੁਣ ਤੱਕ ਦੇਖਿਆ ਨਹੀਂ ਹੋਵੇਗਾ। ਬਾਵਜੂਦ ਇਸਦੇ ਨੌਰਥ ਕੋਰੀਆ ਨੂੰ ਅਮਰੀਕਾ ਦਾ ਕੋਈ ਡਰ ਨਹੀਂ। ਇਸਦਾ ਜਵਾਬ ਫ੍ਰੈਂਚ ਫੋਟੋਗ੍ਰਾਫਰ ਦਿੰਦੇ ਹਨ। ਨੌਰਥ ਕੋਰੀਆ ਦੀ ਕਈ ਵਾਰ ਯਾਤਰਾ ਕਰ ਚੁੱਕੇ ਇਸ ਫੋਟੋਗ੍ਰਾਫਰ ਨੇ ਇਸ ਮੁਲਕ ਦੀਆਂ ਹਜ਼ਾਰਾਂ ਤਸਵੀਰਾਂ ਲਈਆਂ ਹਨ। ਇਸ ਦੌਰਾਨ ਪੱਤਰਕਾਰ ਨੇ ਨੌਰਥ ਕੋਰੀਆ ਦੀ ਕੈਪੀਟਲ ਸਿਟੀ ਪਯੋਂਗਯਾਂਗ ਦੀ ਸਭ ਤੋਂ ਡੂੰਘੀ ਮੈਟਰੋ ਟਨਲ ਦੀਆਂ ਵੀ ਕਈ ਤਸਵੀਰਾਂ ਲਈਆਂ। ਪੱਤਰਕਾਰ ਮੁਤਾਬਕ ਇਹ ਟਨਲ 380 ਫੁੱਟ ਡੂੰਘੇ ਹਨ, ਜਿਸ ਤੇ ਦੋ ਪਰਮਾਣੂ ਬੰਬਾਂ ਦਾ ਵੀ ਅਸਰ ਨਹੀਂ ਹੋ ਸਕਦਾ।

ਇਸ ਤੋਂ ਇਲਾਵਾ ਟਨਲ ਕਰੀਬ 29 ਕਿਲੋਮੀਟਰ ਲੰਮਾ ਹੈ, ਜਿਸ ਵਿਚ ਪਰਮਾਣੂ ਹਮਲੇ ਦੇ ਵਕਤ ਹਜ਼ਾਰਾਂ ਲੋਕ ਲੁਕ ਸਕਦੇ ਹਨ।ਪੱਤਰਕਾਰ ਮੁਤਾਬਕ ਇਸ ਮੈਟਰੋ ਸਟੇਬਨ ਦਾ ਨਿਰਮਾਣ 1968 ਵਿਚ ਆਰੰਭ ਹੋਇਆ ਅਤੇ 1973 ਵਿਚ ਇਹ ਆਮ ਲੋਕਾਂ ਦੇ ਲਈ ਖੋਲ੍ਹਿਆ ਗਿਆ ਸੀ।

ਉਸ ਵਕਤ ਨੌਰਥ ਕੋਰੀਆ ਦੀ ਸੱਤਾ ਤਾਨਾਸ਼ਾਹ ਕਿਮਗ ਜਾਂਗ ਉਨ ਦੇ ਦਾਦਾ ਕਿਮ ਉਲ-ਸੁੰਗ ਦੇ ਹੱਥਾਂ ਵਿਚ ਸੀ। ਸੁੰਗ ਨੇ ਇਸ ਟਨਲ ਦਾ ਨਿਰਮਾਣ ਜੰਗ ਦੇ ਲਿਹਾਜ਼ ਨਾਲ ਕਰਵਾਇਆ ਸੀ, ਤਾਂ ਜੋ ਰਾਜਧਾਨੀ ਦੇ ਹਜ਼ਾਰਾਂ ਲੋਕਾਂ ਦੀ ਜਾਨ ਬਚਾਈ ਜਾ ਸਕੇ।

ਇੱਥੇ ਚੱਲਣ ਵਾਲੀ ਮੈਟਰੋ ਟ੍ਰੇਨ ਜਰਮਨੀ ਤੋਂ ਮੰਗਵਾਈ ਗਈ ਸੀ, ਹਾਲਾਂਕਿ ਨੌਰਥ ਕੋਰੀਆ ਦਾ ਦਾਅਵਾ ਹੈ ਕਿ ਹੁਣ ਦੇਸ਼ ਵਿਚ ਮੈਟਰੋ ਦਾ ਨਿਰਮਾਣ ਹੋਣ ਲੱਗਿਆ ਹੈ।

ਹਾਲਾਂਕਿ ਪੱਤਰਕਾਰ ਦੱਸਦਾ ਹੈ ਕਿ ਉਹਨਾਂ ਨੇ ਕੁਝ ਸਾਲ ਪਹਿਲਾਂ ਹੀ ਇੱਥੇ ਜਰਮਨੀ ਦੇ ਲੋਕਾਂ ਵਾਲੀ ਟ੍ਰੇਨ ਦੇਖੀ। ਇਸਦਾ ਮਤਲਬ ਹੈ ਕਿ ਇੱਥੇ ਹੁਣ ਵੀ ਪੁਰਾਣੀਆਂ ਟ੍ਰੇਨਾਂ ਹੀ ਦੌੜ ਰਹੀਆਂ ਹਨ। ਕਰੀਬ 29 ਕਿਲੋਮੀਟਰ ਲੰਮੀ ਟਨਲ ਵਿਚ 17 ਸਟੇਸ਼ਨ ਪੈਂਦੇ ਹਨ। ਟਿਕਟਾਂ ਲਈ ਸਾਰੇ ਪਲੇਟਫਾਰਮਾਂ ਤੇ ਇਲੈਕਟ੍ਰਿਕ ਮਸ਼ੀਨਾਂ ਲੱਗੀਆ ਹਨ। ਹਰੇਕ ਪਲੇਟਫਾਰਮ ਦਾ ਨਾਂ ਦੇਸ਼ ਵਿਚ ਹੋਈਆਂ ਅਲੱਗ ਅਲੱਗ ਕ੍ਰਾਂਤੀਆਂ ਦੇ ਨਾਂ ਤੇ ਰੱਖਿਆ ਹੈ। ਜਿਵੇਂ ਕਿ ਕਾਮਰੇਡ, ਰੇਡ ਸਟਾਰ, ਗਲੋਰੀ, ਲਿਬਰੇਸ਼ਨ, ਸਿਗਲ ਫਾਇਰ, ਵਿਕਟ੍ਰੀ, ਪੈਰਾਡਾਈਜ਼, ਰੈਸਟੋਰੇਸ਼ਨ ਆਦਿ।

ਬੇਮੌਤ ਮਾਰਿਆ ਗਿਆ ਕਾਲਾ

4 ਮਾਰਚ ਦੀ ਸਵੇਰੇ ਕੰਮ ਤੇ ਜਾਣ ਦੇ ਲਈ ਜਿਵੇਂ ਹੀ ਮੱਖਣ ਸਿੰਘ ਘਰ ਤੋਂ ਨਿਕਲਿਆ, ਸਾਹਮਣੇ ਤੋਂ ਜੰਗਾ ਆਉਂਦਾ ਦਿਖਾਈ ਦਿੱਤਾ। ਉਹ ਉਸੇ ਵੱਲ ਆ ਰਿਹਾ ਸੀ, ਇਸਦਾ ਮਤਲਬ ਸੀਕਿ ਉਹ ਉਸੇ ਨੂੰ ਮਿਲਣ ਆ ਰਿਹਾ ਸੀ। ਉਸ ਨੇ ਜੰਗਾ ਨਾਲ ਹੱਥ ਮਿਲਾਉਂਦਆਂ ਪੁੱਛਿਆ, ਸਵੇਰੇ-ਸਵੇਰੇ ਹੀ ਇੱਧਰ, ਕੋਈ ਖਾਸ ਗੱਲ ?

ਮੈਂ ਤੇਰੇ ਕੋਲ ਇਸ ਕਰਕੇ ਆਇਆ ਸੀ ਕਿ ਤੈਨੂੰ ਕਾਲੇ ਦੇ ਬਾਰੇ ਕੁਝ ਪਤਾ ਹੈ ?

ਨਹੀਂ, ਮੈਨੂੰ ਤਾਂ ਨਹੀਂ ਪਤਾ। ਉਸ ਨਾਲ ਤਾਂ ਮੈਨੂੰ ਇਕ ਕੰਮ ਸੀ ਪਰ ਉਹ ਮਿਲ ਹੀ ਨਹੀਂ ਰਿਹਾ। ਮੱਖਣ ਸਿੰਘ ਨੇ ਪਛਤਾਵਾ ਜਿਹਾ ਕਰਦੇ ਕਿਹਾ। ਮੈਂ ਤਾਂ ਉਸਨੂੰ ਕਈ ਵਾਰ ਫੋਨ ਕੀਤਾ, ਪਰ ਗੱਲ ਹੀ ਨਹੀਂ ਬਣ ਸਕੀ।

ਮੈਂ ਤਾਂ ਉਸਨੂੰ ਲਗਾਤਾਰ 3 ਦਿਨਾਂ ਤੋਂ ਫੋਨ ਕਰ ਰਿਹਾ ਹਾਂ, ਹਰ ਵਾਰ ਇਕ ਹੀ ਜਵਾਬ ਮਿਲ ਰਿਹਾ ਹੈ ਕਿ ਉਸ ਦਾ ਫੋਨ ਬੰਦ ਹੈ। ਯਾਰ ਇਕ ਬਹੁਤ ਵੱਡਾ ਠੇਕਾ ਮਿਲ ਰਿਹਾ ਹੈ, ਪਾਰਟੀ ਪੈਸੇ ਲੈ ਕੇ ਮੇਰੇ ਪਿੱਛੇ ਘੁੰਮ ਰਹੀ ਹੈ, ਪਰ ਕਾਲੇ ਤੋਂ ਬਿਨਾਂ ਗੱਲਬਾਤ ਰੁਕੀ ਪਈ ਹੈ।ਮੱਖਣ ਸਿੰਘ ਨੇ ਕਿਹਾ।

ਇਕ ਕੰਮ ਮੇਰੇ ਕੋਲ ਵੀ ਹੈ, ਰੇਟ ਵੀ ਠੀਕ-ਠਾਕ ਹੈ ਪਰ ਕਾਲੇ ਤੋਂ ਬਿਨਾਂ ਗੱਲ ਨਹੀਂ ਬਣ ਰਹੀ। ਪਤਾ ਨਹੀਂ ਉਹ ਕਿੱਥੇ ਗਾਇਬ ਹੋ ਗਿਆ ਹੈ ?

ਜੰਗਾ ਅਤੇ ਮੱਖਣ ਕਾਫੀ ਦੇਰ ਤੱਕ ਕਾਲੇ ਦੇ ਬਾਰੇ ਹੀ ਗੱਲਾਂ ਕਰਦੇ ਰਹੇ। ਅੰਤ ਵਿਚ ਕੁਝ ਸੋਚਦੇ ਹੋਏ ਜੰਗਾ ਨੇ ਕਿਹਾ, ਮੱਖਣ, ਕਿਉਂ ਨਾ ਅਸੀਂ ਇਕ ਕੰਮ ਕਰੀਏ।ਸਾਡੀ ਇਕ ਦਿਨ ਦੀ ਮਜ਼ਦੂਰੀ ਦਾ ਨੁਕਸਾਨ ਤਾਂ ਹੋਵੇਗਾ ਪਰ ਕਾਲੇ ਦਾ ਪਤਾ ਤਾਂ ਲੱਗ ਜਾਵੇਗਾ।

ਪਰ ਮੈਨੂੰ ਤਾਂ ਉਸਦਾ ਘਰ ਵੀ ਨਹੀਂ ਪਤਾ।

ਘਰ ਤਾਂ ਮੈਂ ਵੀ ਨਹੀਂ ਜਾਣਦਾ ਪਰ ਇੰਨਾ ਜ਼ਰੂਰ ਜਾਣਦਾ ਹਾਂ ਕਿ ਉਹ ਬਸਤੀ ਅਜੀਤਨਗਰ ਵਿਚ ਕਿਤੇ ਕਿਰਾਏ ਤੇ ਰਹਿੰਦਾ ਹੈ। ਉਥੇ ਜਾ ਕੇ ਲੋਕਾਂ ਤੋਂ ਪੁੱਛਾਂਗੇ ਤਾਂ ਕੋਈ ਨਾ ਕੋਈ ਉਸ ਬਾਰੇ ਦੱਸ ਹੀ ਦੇਵੇਗਾ।

ਇਸ ਤਰ੍ਹਾਂ ਜੰਗਾ ਅਤੇ ਮੱਖਣ ਕੰਮ ਤੇ ਜਾਣ ਦੀ ਬਜਾਏ ਕਾਲੇ ਦੀ ਭਾਲ ਵਿਚ ਅਜੀਤਨਗਰ ਜਾ ਪਹੁੰਚੇ। ਕਾਲਾ ਟੋਪੀ ਵਾਲੇ ਦੇ ਨਾਂ ਨਾਲ ਮਸ਼ਹੂਰ ਨਵਨੀਤ ਸਿੰਘ ਜੰਗਾ, ਮੱਖਣ, ਰਮੇਸ਼ ਅਤੇ ਨਰੇਸ਼ ਦੇ ਨਾਲ ਮਿਲ ਕੇ ਮਕਾਨ ਬਣਾਉਣ ਦਾ ਠੇਕਾ ਲੈਂਦਾ ਸੀ। ਸਾਰੇ ਰਾਜ ਮਿਸਤਰੀ ਸਨ, ਇਸ ਕਰਕੇ ਸਾਰੇ ਰਲ ਮਿਲ ਕੇ ਕੰਮ ਕਰਦੇ ਸਨ ਅਤੇ ਜੋ ਫਾਇਦਾ ਹੁੰਦਾ ਸੀ, ਆਪਸ ਵਿਚ ਵੰਡ ਲੈਂਦੇ ਸਨ।

ਨਵਨੀਤ ਸਿੰਘ ਕਾਲਾ ਟੋਪੀ ਵਾਲਾ ਦੇ ਨਾਂ ਨਾਲ ਇਸ ਕਰਕੇ ਮਸ਼ਹੂਰ ਹੋ ਗਿਆ ਸੀ ਕਿਉਂਕਿ ਉਸ ਦੇ ਘਰ ਦਾ ਨਾਂ ਕਾਲੇ ਸੀ। ਉਹ ਹਰ ਵਕਤ ਸਿਰ ਤੇ ਕਾਲੀ ਟੋਪੀ ਪਾ ਕੇ ਰੱਖਦਾ ਸੀ। ਇਸ ਕਰਕੇ ਲੋਕ ਉਸਨੂੰ ਕਾਲੀ ਟੋਪੀ ਵਾਲਾ ਕਹਿਣ ਲੱਗੇ ਸਨ।ਕਾਲਾ ਬੇਹੱਦ ਸ਼ਰੀਫ, ਨੇਕ ਦਿਲ ਅਤੇ ਮਿਹਨਤੀ ਨੌਜਵਾਨ ਸੀ।

ਉਹ ਜ਼ਿਲ੍ਹਾ ਮਾਨਸਾ ਦੇ ਪਿੰਡ ਬੀਰ ਖੁਰਦ ਕਲਾਂ ਦੇ ਰਹਿਣ ਵਾਲੇ ਅਜਾਇਬ ਸਿੰਘ ਦਾ ਮੁੰਡਾ ਸੀ ਪਰ ਕੰਮ ਦੇ ਕਾਰਨ ਉਹ ਲੱਗਭੱਗ 5 ਸਾਲ ਪਹਿਲਾਂ ਜ਼ਿਲ੍ਹਾ ਸੰਗਰੂਰ ਆ ਕੇ ਰਹਿਣ ਲੱਗਿਆ ਸੀ। ਇੱਥੇ ਉਸ ਦਾ ਕੰਮ ਠੀਕ-ਠਾਕ ਚੱਲ ਪਿਆ ਤਾਂ ਉਹ ਉਪਰ ਨਗਰ ਬਸਤੀ ਅਜੀਤਨਗਰ ਵਿਚ ਰਾਕੇਸ਼ ਦੇ ਮਕਾਨ ਦਾ ਇਕ ਹਿੱਸਾ ਕਿਰਾਏ ਤੇ ਲੈ ਕੇ ਉਸੇ ਵਿਚ ਪਰਿਵਾਰ ਦੇ ਨਾਲ ਰਹਿਣ ਲੱਗਿਆ। ਉਸ ਦੇ ਪਰਿਵਾਰ ਵਿਚ ਪਤਨੀ ਕੁਲਦੀਪ ਕੌਰ ਤੋਂ ਇਲਾਵਾ 2 ਬੱਚੇ ਸਨ।

ਨਵਨੀਤ ਸਿੰਘ ਉਰਫ ਕਾਲਾ ਟੋਪੀ ਵਾਲੇ ਦਾ ਵਿਆਹ ਸੰਨ 2007 ਵਿਚ ਕੁਲਦੀਪ ਕੌਰ ਦੇ ਨਾਲ ਉਦੋਂ ਹੋਇਆ ਸੀ, ਜਦੋਂ ਕਾਲਾ ਆਪਣੇ ਮਾਂ-ਬਾਪ ਦੇ ਨਾਲ ਪਿੰਡ ਵਿਚ ਰਹਿੰਦਾ ਸੀ। ਇਕ ਦਿਨ ਉਹ ਨਜ਼ਦੀਕ ਦੇ ਪਿੰਡ ਵਿਚ ਕਿਸੇ ਦੇ ਮਕਾਨ ਦੀ ਛੱਤ ਪਾ ਰਿਹਾ ਸੀ, ਉਦੋਂ ਉਸਦੀ ਮੁਲਾਕਾਤ ਕੁਲਦੀਪ ਕੌਰ ਨਾਲ ਹੋਈ। ਉਹ ਪੜੌਸ ਵਿਚ ਰਹਿੰਦੀ ਸੀ। ਕੰਮ ਕਰਨ ਦੌਰਾਨ ਕਾਲਾ ਅਤੇ ਕੁਲਦੀਪ ਕੌਰ ਦੀ ਆਪਸ ਵਿਚ ਅੱਖ ਲੜ ਗਈ, ਮਕਾਨ ਦਾ ਕੰਮ ਪੂਰਾ ਹੁੰਦੇ ਹੁੰਦੇ ਦੋਵਾਂ ਵਿਚ ਅਜਿਹਾ ਪਿਆਰ ਹੋਇਆ ਕਿ ਦੋਵਾਂ ਨੇ ਵਿਆਹ ਕਰਨ ਦਾ ਫੈਸਲਾ ਕਰ ਲਿਆ।

ਦੋਵਾਂ ਦੀ ਜਾਤੀ ਅਲੱਗ-ਅਲੱਗ ਸੀ, ਇਸ ਕਰਕੇ ਘਰ ਵਾਲੇ ਵਿਆਹ ਲਈ ਤਿਆਰ ਨਹੀਂ ਸਨ। ਇਸ ਕਰਕੇ ਇਕ ਹੀ ਸੂਰਤ ਸੀ ਕਿ ਉਹ ਘਰ ਤੋਂ ਭੱਜ ਕੇ ਵਿਆਹ ਕਰ ਲੈਣ। ਆਖਿਰ ਉਹਨਾਂ ਨੇ ਇਹੀ ਕੀਤਾ। ਦੋਵਾਂ ਨੇ ਭੱਜ ਕੇ ਵਿਆਹ ਕਰਵਾ ਲਿਆ ਅਤੇ ਅਦਾਲਤ ਵਿਚ ਵਿਆਹ ਰਜਿਸਟਰਡ ਕਰਵਾ ਕੇ ਪਤੀ-ਪਤਨੀ ਵਾਂਗ ਸ਼ਾਨ ਨਾਲ ਰਹਿਣ ਲੱਗੇ। ਵਕਤ ਦੇ ਨਾਲ ਦੋਵਾਂ ਦੇ ਪਰਿਵਾਰ ਵੀ ਸ਼ਾਂਤ ਹੋ ਗਏ ਅਤੇ ਉਹਨਾਂ ਦਾ ਇਕ ਦੂਜੇ ਦੇ ਘਰ ਆਉਣਾ-ਜਾਣਾ ਆਰੰਭ ਹੋ ਗਿਆ।

ਕਾਲੇ ਦਾ ਘਰ ਲੱਭਦੇ ਹੋਏ ਜੰਗਾ ਅਤੇ ਮੱਖਣ ਦੁਪਹਿਰ ਨੂੰ ਰਾਕੇਸ਼ ਦੇ ਘਰ ਪਹੁੰਚੇ ਤਾਂ ਜਿਸ ਹਿੱਸੇ ਵਿਚ ਕਾਲਾ ਰਹਿੰਦਾ ਸੀ, ਉਸ ਦੇ ਦਰਵਾਜ਼ੇ ਨੂੰ ਖੜਕਾਇਆ।ਅੰਦਰੋਂ ਪੁੱਛਿਆ, ਕੌਣ ?

ਜੰਗੇ ਨੇ ਪੂਰੀ ਗੱਲ ਦੱਸ ਕੇ ਕਾਲੇ ਨੂੰ ਮਿਲਣ ਦੀ ਇੱਛਾ ਪ੍ਰਗਟ ਕਰਦਿਆਂ ਕਿਹਾ ਕਿ ਉਸ ਦਾ ਮਿਲਣਾ ਜ਼ਰੂਰੀ ਹੈ, ਕਿਉਂਕਿ ਉਸ ਦੇ ਕਾਰਨ ਕੰਮ ਦੇ ਨਾਲ ਨਾਲ ਪੈਸਿਆਂ ਦਾ ਨੁਕਸਾਨ ਵੀ ਹੋ ਰਿਹਾ ਹੈ।

ਪੂਰੀ ਗੱਲ ਸੁਣਨ ਤੋਂ ਬਾਅਦ ਕੁਲਦੀਪ ਕੌਰ ਨੇ ਬਿਨਾਂ ਦਰਵਾਜਾ ਖੋਲ੍ਹੇ ਅੰਦਰ ਤੋਂ ਕਿਹਾ, ਉਹ ਤਾਂ ਕਿਤੇ ਬਾਹਰ ਗਿਆ ਹੈ, ਘਰੇ ਨਹੀਂ ਹੈ। ਕਦੋਂ ਆਵੇਗਾ, ਕੁਝ ਕਹਿ ਕੇ ਨਹੀਂ ਗਿਆ। ਜਦੋਂ ਆ ਜਾਵੇਗਾ ਤਾਂ ਮਿਲ ਲੈਣਾ।

ਕੁਲਦੀਪ ਕੌਰ ਦਾ ਟਕੇ ਵਰਗਾ ਜਵਾਬ ਸੁਣ ਕੇ ਦੋਵੇਂ ਇਕ-ਦੂਜੇ ਦਾ ਮੂੰਹ ਦੇਖਣ ਲੱਗੇ। ਕਿੱਥੇ ਤਾਂ ਉਹ ਇਹ ਸੋਚ ਕੇ ਆਏ ਸਨ ਕਿ ਕਾਲਾ ਮਿਲੇ ਨਾ ਮਿਲੇ, ਉਸ ਦੇ ਘਰ ਚਾਹ ਤਾਂ ਮਿਲੇਗੀ ਪਰ ਇੱਥੇ ਤਾਂ ਘਰ ਵੜਨ ਵੀ ਨਹੀਂ ਦਿੱਤਾ ਗਿਆ।

ਕੁਲਦੀਪ ਕੌਰ ਦੇ ਇਸ ਵਿਵਹਾਰ ਕਾਰਨ ਦੋਵੇਂ ਸ਼ਸ਼ੋਪੰਜ ਵਿਚ ਪੈ ਗਏ। ਮਾਮਲਾ ਕੀ ਹੈ, ਉਹਨਾਂ ਦੀ ਸਮਝ ਵਿਚ ਨਹੀਂ ਆ ਰਿਹਾ ਸੀ। ਬੇਆਬਰੂ ਹੋ ਕੇ ਉਹ ਦਰਵਾਜ਼ੇ ਤੋਂ ਵਾਪਸ ਮੁੜੇ ਹੀ ਸਨ ਕਿ ਕਾਲੇ ਦਾ ਪਿਤਾ ਅਜਾਇਬ ਸਿੰਘ ਉਥੇ ਆ ਗਿਆ। ਉਹਨਾਂ ਨੇ ਵੀ ਕਾਲੇ ਨੂੰ ਮਿਲਣ ਲਈ ਦਰਵਾਜਾ ਖੜਕਾਇਆ ਪਰ ਕੁਲਦੀਪ ਕੌਰ ਨੇ ਇਹ ਕਹਿ ਕੇ ਦਰਵਾਜ਼ਾ ਨਾ ਖੋਲ੍ਹਿਆ ਕਿ ਹਾਲੇ ਉਹ ਕੋਈ ਜ਼ਰੂਰੀ ਕੰਮ ਕਰ ਰਹੀ ਹੈ, ਇਸ ਕਰਕੇ ਕੱਲ੍ਹ ਆਉਣਾ।

ਜੰਗਾ ਅਤੇ ਮੱਖਣ ਹਾਲੇ ਉਥੇ ਹੀ ਖੜ੍ਹੇ ਸਨ। ਦੋਵੇਂ ਸਹੁਰਾ ਅਤੇ ਨੂੰਹ ਵਿਚਕਾਰ ਹੋਣ ਵਾਲੀ ਗੱਲਬਾਤ ਸੁਣ ਰਹੇ ਸਨ। ਅਜਾਇਬ ਸਿੰਘ ਬਹੁਤ ਬੇਵਸੀ ਦਿਖਾ ਰਿਹਾ ਸੀ। 3 ਦਿਨਾਂ ਤੋਂ ਕੋਸ਼ਿਸ਼ ਕਰ ਰਿਹਾ ਹਾਂ ਆਪਣੇ ਮੁੰਡੇ ਨੂੰ ਮਿਲਣ ਦੀ ਪਰ ਇਹ ਔਰਤ ਮਿਲਣ ਹੀ ਨਹੀਂ ਦਿੰਦੀ। ਰੋਜ਼ਾਨਾ ਕੋਈ ਨਾ ਕੋਈ ਬਹਾਨਾ ਬਣਾ ਦਿੰਦੀ ਹੈ। ਕੱਲ੍ਹ ਮੈਂ ਆਪਣੇ ਕੁਝ ਰਿਸ਼ਤੇਦਾਰਾਂ ਦੇ ਨਾਲ ਕਾਲੇ ਨੂੰ ਮਿਲਣ ਆਇਆ ਸੀ, ਤਾਂ ਇਸ ਨੇ ਸਾਨੂੰ ਬੜੀ ਚਲਾਕੀ ਨਾਲ ਵਾਪਸ ਕਰ ਦਿੱਤਾ।

ਇਹ ਸਾਨੂੰ ਬਾਜ਼ਾਰ ਲੈ ਗਈ ਅਤੇ ਉਥੇ ਕਿਹਾ, ਤੁਸੀਂ ਸਾਰੇ ਘਰ ਜਾਓ, ਮੈਂ ਸ਼ਾਮ ਨੂੰ ਭੇਜ ਦਿਆਂਗੀ। ਅਸੀਂ ਸਭ ਇੰਤਜ਼ਾਰ ਕਰਦੇ ਰਹੇ, ਕਾਲਾ ਨਹੀਂ ਆਇਆ। ਤਾਂ

ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਵੱਲੋਂ 'ਰਿਜ਼ਰਵੇਸ਼ਨ ਚੋਰ ਫੜੋ ਮੋਰਚਾ' ਦੇ ਨੁਮਾਇੰਦਿਆਂ ਨਾਲ ਮੀਟਿੰਗ

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਨਿਆਂ ਨੂੰ ਹੋਰ ਬਿਹਤਰ ਬਣਾਉਣ ਅਤੇ ਰਾਖਵੇਂਕਰਨ ਨਾਲ ਸਬੰਧਤ ਅਹਿਮ ਮਸਲਿਆਂ ਦੇ ਢੁਕਵੇਂ ਹੱਲ ਲੱਭਣ ਦੀ ਦਿਸ਼ਾ ਵਿੱਚ ਅਹਿਮ ਕਦਮ ਚੁੱਕਦਿਆਂ ਅੱਜ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ' ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ' ਦੇ ਨੁਮਾਇੰਦਿਆਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਕੀਤੀ।

ਪੰਜਾਬ ਸਕੱਤਰੇਤ ਵਿਖੇ ਹੋਈ ਇਸ ਮੀਟਿੰਗ ਦਾ ਉਦੇਸ਼ ਸੂਬੇ ਵਿੱਚ ਰਾਖਵਾਂਕਰਨ ਨੀਤੀਆਂ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਅਤੇ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਨਾਲ ਜੁੜੀਆਂ ਅਹਿਮ ਚੁਣੌਤੀਆਂ 'ਤੇ ਵਿਚਾਰ-ਵਟਾਂਦਰਾ ਕਰਨਾ ਸੀ। ਮੰਤਰੀ ਨੇ ਸਾਰੇ ਸੀਮਾਂਤ ਭਾਈਚਾਰਿਆਂ ਜਾਂ ਕਮਜ਼ੋਰ ਵਰਗਾਂ ਦੀ ਸਮਾਜਿਕ-ਆਰਥਿਕ ਸਥਿਤੀ ਨੂੰ ਉੱਚਾ ਚੁੱਕਣ ਲਈ ਰਾਖਵੇਂਕਰਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ, ਇਨ੍ਹਾਂ ਭਾਈਚਾਰਿਆਂ ਲਈ ਸਮਾਜਿਕ ਬਰਾਬਰੀ ਅਤੇ ਨਿਆਂ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ।

ਵਿਚਾਰ-ਵਟਾਂਦਰੇ ਦੌਰਾਨ, ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਦੇ ਨੁਮਾਇੰਦਿਆਂ ਨੇ ਉਨ੍ਹਾਂ ਸੀਮਾਂਤ ਭਾਈਚਾਰਿਆਂ ਨੂੰ ਦਰਪੇਸ਼ ਚੁਣੌਤੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ , ਜਿਨ੍ਹਾਂ ਦੀ ਉਹ ਨੁਮਾਇੰਦਗੀ ਕਰਦੇ ਹਨ। ਇਸ ਦੌਰਾਨ ਰਾਖਵਾਂਕਰਨ ਕੋਟੇ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਦੀ ਲੋੜ, ਪ੍ਰਣਾਲੀਗਤ ਰੁਕਾਵਟਾਂ ਨੂੰ ਦੂਰ ਕਰਨਾ ਅਤੇ ਯੋਗ ਲਾਭ ਪਾਤਰੀਆਂ ਤੱਕ ਨੀਤੀਆਂ ਦੇ ਲਾਭ ਪਹੁੰਚਾਉਣ ਨੂੰ ਯਕੀਨੀ ਬਣਾਉਣ ਵਰਗੇ ਅਹਿਮ ਵਿਸ਼ਿਆਂ ਤੇ ਚਰਚਾ ਹੋਈ।

ਡਾ: ਬਲਜੀਤ ਕੌਰ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਇਨ੍ਹਾਂ ਮੁੱਦਿਆਂ ਦੇ ਹੱਲ ਕਰਨ ਲਈ ਆਪਣੀ ਵਚਨਬੱਧਤਾ 'ਤੇ ਅਡੋਲ ਹੈ। ਮੰਤਰੀ ਨੇ ਕਿਹਾ, " ਪੰਜਾਬ ਸਰਕਾਰ ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਕਾਇਮ ਰੱਖਣ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਹਰ ਵਿਅਕਤੀ ਨੂੰ ਸਫ਼ਲ ਹੋਣ ਦੇ ਬਰਾਬਰ ਮੌਕੇ ਮਿਲਣ।" ਉਨ੍ਹਾਂ ਕਿਹਾ, " ਸਾਡੀ ਸਰਕਾਰ ਨੀਤੀ ਸੁਧਾਰਾਂ 'ਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ ਤਾਂ ਜੋ ਲੰਮੇਂ ਸਮੇਂ ਤੋਂ ਬੁਨਿਆਦੀ ਲੋੜਾਂ ਤੋਂ ਵਿਹੂਣੇ ਇਨ੍ਹਾਂ ਲੋਕਾਂ ਦੇ ਜੀਵਨ ਵਿੱਚ ਵੱਡੇ ਸੁਧਾਰ ਲਿਆਂਦੇ ਜਾ ਸਕਣ।"

ਇਸ ਮੌਕੇ ਵਧੀਕ ਮੁੱਖ ਸਕੱਤਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਡੀ.ਕੇ. ਤਿਵਾੜੀ, ਡਾਇਰੈਕਟਰ ਅੰਮ੍ਰਿਤ ਸਿੰਘ, ਡਾਇਰੈਕਟਰ-ਕਮ-ਸੰਯੁਕਤ ਸਕੱਤਰ ਰਾਜ ਬਹਾਦਰ ਸਿੰਘ ਅਤੇ ਡਿਪਟੀ ਡਾਇਰੈਕਟਰ ਰਵਿੰਦਰ ਸਿੰਘ ਮੌਜੂਦ ਸਨ। ਅਖਾੜਾ ਮੁੱਲਾਂਪੁਰ ਦੇ ਜਸਪੂਰਨ ਪਹਿਲਵਾਨ ਨੇ ਰਚਿਆ ਇਤਿਹਾਸ - ਚੌਵੀ ਘੰਟਿਆਂ ਵਿੱਚ ਵਰਲਡ ਚੈਂਪੀਅਨਸ਼ਿਪ ਦੀਆਂ ਦੋ ਕੈਟਾਗਰੀਆਂ ਲਈ ਹੋਈ।

ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਖੋਜ ਕਾਰਜਾਂ ਵਿੱਚ ਪੱਛੜੀ

ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੁਆਧ ਅਤੇ ਮਾਲਵਾ ਖੇਤਰ ਦੇ ਬੱਚਿਆਂ ਲਈ ਵਰਦਾਨ ਬਣੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਆਪਣੇ ਅਸਲੀ ਮਨੋਰਥ ਖੋਜ ਕਾਰਜਾਂ ਤੋਂ ਪੱਛੜਦੀ ਜਾ ਰਹੀ ਹੈ। ਯੂਨੀਵਰਸਿਟੀ 'ਚ ਹਰ ਸਾਲ ਵਿਦਿਆਰਥੀ ਪੋਸਟ ਗਰੈਜੂਏਟ ਕਰਨ ਤੋਂ ਬਾਅਦ ਪੀਐੱਚਡੀ ਕਰਨ ਲਈ ਤਿਆਰੀ ਕਰਦੇ ਹਨ ਪਰ ਕਈ ਕੋਸ਼ਿਸ਼ਾਂ ਦੇ ਬਾਅਦ ਵੀ ਉਨ੍ਹਾਂ ਨੂੰ ਪੀਐੱਚਡੀ ਕਰਾਉਣ ਲਈ ਗਾਈਡ ਨਹੀਂ ਮਿਲ ਰਿਹਾ। ਪੰਜਾਬੀ ਯੂਨੀਵਰਸਿਟੀ ਵਿੱਚ ਪੱਕੇ ਪ੍ਰੋਫੈਸਰਾਂ ਦੀ ਗਿਣਤੀ ਘਟ ਚੁੱਕੀ ਹੈ ਤੇ ਰੀਸਟ ਫੈਕਲਟੀ ਨੂੰ ਪੀਐੱਚਡੀ ਕਰਾਉਣ ਦਾ ?ਅਧਿਕਾਰ ਨਹੀਂ ਹੈ।

ਪੰਜਾਬੀ ਯੂਨੀਵਰਸਿਟੀ ਦੇ ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਮੁਤਾਬਕ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਪ੍ਰੋਫੈਸਰ 8 ਰਿਸਰਚ ਸਕਾਲਰਾਂ, ਐਸੋਸੀਏਟ ਪ੍ਰੋਫੈਸਰ 6 ਤੇ ਅਸਿਸਟੈਂਟ ਪ੍ਰੋਫੈਸਰ 4 ਰਿਸਰਚ ਸਕਾਲਰਾਂ ਨੂੰ ਪੀਐੱਚਡੀ ਕਰਵਾਉਣ ਦਾ ਅਧਿਕਾਰ ਰੱਖਦਾ ਹੈ ਪਰ ਪੰਜਾਬੀ ਯੂਨੀਵਰਸਿਟੀ ਵਿੱਚ ਪ੍ਰੋਫੈਸਰਾਂ ਦੀਆਂ ਅਸਾਮੀਆਂ ਖ਼ਾਲੀ ਹੋਣ ਕਰਕੇ 1658 ਰਿਸਰਚ ਸਕਾਲਰ ਪੀਐੱਚਡੀ ਕਰਨ ਤੋਂ ਵਾਂਝੇ ਹਨ। ਯੂਨੀਵਰਸਿਟੀ ਵਿੱਚ 49 ਪ੍ਰੋਫੈਸਰਾਂ ਦੀਆਂ ਅਸਾਮੀਆਂ ਖ਼ਾਲੀ ਹਨ ਜਿਨ੍ਹਾਂ ਰਾਹੀਂ 392 ਰਿਸਰਚ ਸਕਾਲਰ ਪੀਐੱਚਡੀ ਕਰ ਸਕਦੇ ਹਨ। ਇਸੇ ਤਰ੍ਹਾਂ ਐਸੋਸੀਏਟ ਪ੍ਰੋਫੈਸਰਾਂ ਦੀਆਂ 67 ਅਸਾਮੀਆਂ ਖ਼ਾਲੀ ਹਨ ਜਿਨ੍ਹਾਂ ਰਾਹੀਂ 402 ਜਦਕਿ ਅਸਿਸਟੈਂਟ ਪ੍ਰੋਫੈਸਰਾਂ ਦੀਆਂ 216 ਪੋਸਟਾਂ ਖ਼ਾਲੀ ਹਨ ਜਿਨ੍ਹਾਂ ਰਾਹੀਂ 864 ਰਿਸਰਚ ਸਕਾਲਰ ਪੀਐੱਚਡੀ ਕਰ ਸਕਦੇ ਹਨ।

ਕਾਨੂੰਨ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਰਾਜਦੀਪ ਚੋਪੜਾ ਨੇ ਕਿਹਾ ਕਿ 2002 ਵਿੱਚ ਕਾਨੂੰਨੀ ਵਿਭਾਗ 'ਚ 22 ਪ੍ਰੋਫੈਸਰ ਤਾਇਨਾਤ ਸਨ ਪਰ ਅੱਜ ਇੱਥੇ ਸਿਰਫ਼ 6 ਰਹਿ ਗਏ ਹਨ। ਪਹਿਲਾਂ ਕਰੀਬ 100 ਤੋਂ ਵੱਧ ਰਿਸਰਚ ਸਕਾਲਰ ਪੀਐੱਚਡੀ ਕਰ ਰਹੇ ਸਨ ਪਰ ਅੱਜ ਇਹ ਗਿਣਤੀ 25 ਦੇ ਕਰੀਬ ਰਹਿ ਗਈ ਹੈ। ਜੇ ਭਰਤੀ ਨਾ ਹੋਈ ਤਾਂ 2028 ਤੱਕ ਇੱਥੇ ਸਿਰਫ਼ ਦੋ ਪ੍ਰੋਫੈਸਰ ਰਹਿ ਜਾਣਗੇ। ਬਾਕੀ ਵਿਭਾਗਾਂ ਦਾ ਹਾਲ ਵੀ ਇਸੇ ਤਰ੍ਹਾਂ ਹੀ ਹੈ।

ਸੇਵਾਮੁਕਤ ਪ੍ਰੋਫੈਸਰ ਅਰਥ ਸ਼ਾਸਤਰੀ ਡਾ. ਬਲਵਿੰਦਰ ਸਿੰਘ ਟਿਵਾਣਾ ਨੇ ਕਿਹਾ ਕਿ ਯੂਨੀਵਰਸਿਟੀ ਦਾ ਅਸਲ ਮਨੋਰਥ ਰਿਸਰਚ ਕਰਾਉਣਾ ਹੈ ਪਰ ਨਵੀਂ ਸਿੱਖਿਆ ਨੀਤੀ ਯੂਨੀਵਰਸਿਟੀਆਂ ਨੂੰ ਸਕੂਲ ਬਣਾਉਣ ਜਾ ਰਹੀ ਹੈ।

ਯੂਜੀਸੀ ਦੇ ਨਿਯਮ ਅਪਣਾਉਣ ਨਾਲ ਮਿਲ ਸਕਦੀ ਹੈ ਰਾਹਤ: ਡੀਨ ਰਿਸਰਚ

ਡੀਨ ਰਿਸਰਚ ਡਾ. ਕੇਕੇ ਤਿਵਾੜੀ ਨੇ ਕਿਹਾ ਕਿ ਵੱਡੀ ਗਿਣਤੀ ਰਿਸਰਚ ਸਕਾਲਰ ਪੀਐੱਚਡੀ ਕਰਨਾ ਚਾਹੁੰਦੇ ਹਨ। ਰੋਜ਼ਾਨਾ ਪੀਐੱਚਡੀ ਕਰਾਉਣ ਲਈ ਗਾਈਡ ਦੇਣ ਦੀਆਂ ਸਿਫ਼ਾਰਸ਼ਾਂ ਆ ਰਹੀਆਂ ਹਨ ਪਰ ਯੂਨੀਵਰਸਿਟੀ ਕੋਲ ਗਾਈਡ ਹੈ ਹੀ ਨਹੀਂ। ਇਸੇ ਕਰਕੇ ਰਿਸਰਚ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ।

ਯੂਜੀਸੀ ਦੇ ਨਿਯਮਾਂ ਅਨੁਸਾਰ ਯੂਨੀਵਰਸਿਟੀ 65 ਸਾਲ ਦੀ ਉਮਰ ਤੱਕ ਰੀਐਂਪਲਾਈਮੈਂਟ ਕਰ ਸਕਦੀ ਹੈ ਜਿਸ ਨੂੰ ਪੈਨਸ਼ਨ ਕੱਟ ਕੇ ਆਖ਼ਰੀ ਤਨਖ਼ਾਹ ਮਿਲਦੀ ਹੈ, ਉਹ ਪੀਐੱਚਡੀ ਲਈ ਗਾਈਡ ਵੀ ਬਣ ਸਕਦਾ ਹੈ। ਇਸੇ ਤਰ੍ਹਾਂ ਪ੍ਰੋਫੈਸਰਾਂ ਨੂੰ ਐਕਸਟੈਨਸ਼ਨ ਵੀ ਦਿੱਤੀ ਜਾ ਸਕਦੀ ਹੈ ਅਤੇ ਉਹ ਵੀ ਪੀਐੱਚਡੀ ਕਰਵਾ ਸਕਦਾ ਹੈ। ਇਹ ਨਿਯਮ ਪੰਜਾਬ ਯੂਨੀਵਰਸਿਟੀ ਨੇ ਤਾਂ ਅਪਣਾ ਲਿਆ ਪਰ ਪੰਜਾਬੀ ਯੂਨੀਵਰਸਿਟੀ ਨੇ ਨਹੀਂ ਅਪਣਾਇਆ, ਜਿਸ ਕਰਕੇ ਰਿਸਰਚ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ।

ਸਹਾਇਕ ਲਾਈਨਮੈਨਾਂ ਵੱਲੋਂ ਪਾਵਰਕੌਮ ਦਫ਼ਤਰ ਅੱਗੇ ਧਰਨਾ

ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਪਾਵਰਕੌਮ ਦੇ ਮੁੱਖ ਦਫ਼ਤਰ ਅੱਗੇ ਅਪ੍ਰੈਂਟਸਸ਼ਿਪ ਸੰਘਰਸ਼ ਯੂਨੀਅਨ ਦੀ ਅਗਵਾਈ ਹੇਠ ਸਹਾਇਕ ਲਾਈਨਾਂ ਨੇ ਧਰਨਾ ਲਾ ਕੇ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਖ਼?ਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਆਗੂਆਂ ਨੇ ਕਿਹਾ ਕਿ ਪਾਵਰਕੌਮ ਦੀਆਂ ਸਿਆਸੀ ਨੀਤੀਆਂ ਕਾਰਨ ਸਹਾਇਕ ਲਾਈਨਮੈਨ ਪਟਿਆਲਾ ਦੀਆਂ ਸੜਕਾਂ 'ਤੇ ਰੁਲਣ ਲਈ ਮਜਬੂਰ ਹਨ। ਯੂਨੀਅਨ ਦੇ ਸੂਬਾ ਪ੍ਰਧਾਨ ਕਵਲਦੀਪ ਸਿੰਘ ਤੇ ਮੀਤ ਪ੍ਰਧਾਨ ਹਰਮਨਦੀਪ ਸਿੰਘ ਨੇ ਮੈਨੇਜਮੈਂਟ ਦੀਆਂ ਨੀਤੀਆਂ ਦੀ ਨਿਖੇਦੀ ਵੀ ਕੀਤੀ। ਉਨ੍ਹਾਂ ਦੱਸਿਆ ਕਿ ਮੈਨੇਜਮੈਂਟ ਹਰ ਵਾਰ ਉਨ੍ਹਾਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਮੁੱਕਰ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਪਾਵਰਕੌਮ ਨੇ ਟੈਕਨੀਕਲ ਸਟਾਫ਼ ਦੀ ਕਮੀ ਨੂੰ ਦੇਖਦੇ ਹੋਏ ਸਹਾਇਕ ਲਾਈਨਮੈਨ ਦੀਆਂ 2500 ਅਸਾਮੀਆਂ ਦੀ ਮੰਗ ਕੀਤੀ ਹੋਈ ਹੈ, ਪਰ ਸਾਰੀਆਂ ਯੋਗਤਾ ਹੋਣ ਦੇ ਬਾਵਜੂਦ ਵੀ ਚੱਲਦੀ ਭਰਤੀ ਨੂੰ ਸਿਰੇ ਨਹੀਂ ਚੜ੍ਹਾਇਆ ਜਾ ਰਿਹਾ।

ਵਾਲੀਬਾਲ ਟੂਰਨਾਮੈਂਟ ਵਿੱਚ ਫੀਲਖਾਨਾ ਸਕੂਲ ਦੇ ਖਿਡਾਰੀ ਜੇਤੂ

ਜੇਤੂ ਟੀਮ ਦਾ ਸਨਮਾਨ ਕਰਦੇ ਹੋਏ ਅਧਿਕਾਰੀ ਤੇ ਕੋਚ।

ਪਟਿਆਲਾ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਪੋਲੋ ਗਰਾਊਂਡ ਵਿੱਚ ਜ਼ੋਨ ਪਟਿਆਲਾ-2 ਦਾ ਲੜਕਿਆਂ ਦਾ ਜ਼ੋਨਲ ਟੂਰਨਾਮੈਂਟ ਡਾ. ਰਜਨੀਸ਼ ਗੁਪਤਾ, ਬਲਵਿੰਦਰ ਸਿੰਘ ਜੱਸਲ ਅਤੇ ਬਲਕਾਰ ਸਿੰਘ ਦੀ ਅਗਵਾਈ ਹੇਠ ਜਾਰੀ ਹੈ। ਵਾਲੀਬਾਲ ਅੰਡਰ-19 (ਲੜਕੇ) ਵਿੱਚ ਸਕੂਲ ਆਫ਼ ਐਮੀਨੈਂਸ ਫੀਲਖਾਨਾ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰਮਾਜਰਾ ਨੇ ਦੂਜਾ ਅਤੇ ਬੁੱਢਾ ਦਲ ਪਬਲਿਕ ਸਕੂਲ ਨੇ ਤੀਜਾ ਸਥਾਨ ਹਾਸਲ ਕੀਤਾ। ਵਾਲੀਬਾਲ ਅੰਡਰ-19 (ਲੜਕੇ) ਦੇ ਜ਼ੋਨਲ ਟੂਰਨਾਮੈਂਟ ਵਿੱਚ ਮਹੇਸ਼ਇੰਦਰ ਜੀਤ ਸਿੰਘ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ। ਇਸ ਮੌਕੇ ਤੇਜਵਿੰਦਰ ਕੌਰ, ਰੁਪਿੰਦਰ ਕੌਰ, ਅਨਿਲ ਕੁਮਾਰ ਤੇ ਮਮਤਾ ਰਾਣੀ ਆਦਿ ਹਾਜ਼ਰ ਸਨ।

ਸਰਕਾਰੀ ਸਕੂਲ ਵਿੱਚ ਬੇਸਬਾਲ ਮੁਕਾਬਲੇ ਕਰਵਾਏ

68ਵੀਆਂ ਪੰਜਾਬ ਰਾਜ ਸਕੂਲ ਖੇਡਾਂ ਅਧੀਨ ਜ਼ੋਨ ਭਸੌੜ ਦੇ ਸਾਫਟਬਾਲ ਅਤੇ ਬੇਸਬਾਲ ਦੇ ਮੁਕਾਬਲੇ ਗ਼ਦਰੀ ਬਾਬਾ ਠਾਕੁਰ ਦਾਸ ਸਰਕਾਰੀ ਹਾਈ ਸਮਾਰਟ ਸਕੂਲ ਧੂਰਾ ਵਿੱਚ ਮੁੱਖ ਅਧਿਆਪਕ ਅਨਵਰ ਅਲੀ ਦੀ ਅਗਵਾਈ ਹੇਠ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਦੀ ਸ਼ੁਰੂਆਤ ਸਰਪੰਚ ਗੁਰਪਿਆਰ ਧੂਰਾ ਵੱਲੋਂ ਖਿਡਾਰੀਆਂ ਨੂੰ ਆਸ਼ੀਰਵਾਦ ਦੇ ਕੇ ਕੀਤੀ ਗਈ। ਮੁਕਾਬਲਿਆਂ ਦੇ ਕਨਵੀਨਰ ਗੁਰਵਿੰਦਰ ਸਿੰਘ ਅਤੇ ਸਾਫਟਬਾਲ ਕੋਚ ਕੇਵਲ ਸਿੰਘ ਦਿਓਲ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਧੂਰਾ ਸਕੂਲ, ਗੁਰੂ ਤੇਗ ਬਹਾਦੁਰ ਸਕੂਲ ਬਰੜਵਾਲ, ਰੌਬਿਨ ਸਕੂਲ, ਅਕਾਲ ਅਕੈਡਮੀ ਭੋਜੋਵਾਲੀ, ਕੰਨਿਆ ਸਕੂਲ ਧੂਰੀ ਅਤੇ ਚਤਨਿਆ ਟੈਕਨੋ ਸਕੂਲ ਧੂਰੀ ਦੇ ਖਿਡਾਰੀਆਂ ਨੇ ਭਾਗ ਲਿਆ।

ਬੀਕੇਯੂ ਸ਼ਾਦੀਪੁਰ ਨੇ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕੀਤੀ

ਮੁਹਿੰਮ ਦੀ ਸ਼ੁਰੂਆਤ ਕਰਦੇ ਹੋਏ ਬੂਟਾ ਸਿੰਘ ਸ਼ਾਦੀਪੁਰ ਤੇ ਹੋਰ।

ਦੇਵੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਹਰਿਆਵਲ ਲਹਿਰ ਤਹਿਤ ਪਿੰਡਾਂ ਵਿੱਚ ਵੱਡੀ ਗਿਣਤੀ ਵਿੱਚ ਵੰਡੇ ਗਏ ਅਤੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ ਕਿ ਇਨ੍ਹਾਂ ਬੂਟਿਆਂ ਨੂੰ ਸਾਂਝੀਆਂ ਥਾਵਾਂ 'ਤੇ ਲਾ ਕੇ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾਵੇ। ਪਿੰਡ ਸ਼ਾਦੀਪੁਰ ਤੋਂ ਬੂਟੇ ਲਾਉਣ ਦੀ ਮੁਹਿੰਮ ਸ਼ੁਰੂ ਕਰਨ ਮੌਕੇ ਬੀਕੇਯੂ ਸ਼ਾਦੀਪੁਰ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਬੂਟਾ ਸਿੰਘ ਸ਼ਾਦੀਪੁਰ ਨੇ ਕਿਹਾ ਕਿ ਜੰਗਲਾਤ ਵਿਭਾਗ ਦਾ ਧੰਨਵਾਦ ਕੀਤਾ ਜਿਨ੍ਹਾਂ 1500 ਬੂਟੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਨੂੰ ਵੱਖ ਵੱਖ ਪਿੰਡਾਂ ਵਿੱਚ ਲਾਉਣ ਲਈ ਦਿੱਤੇ। ਇਸ ਦਿਲਬਾਗ ਸ਼ਬੇਗ ਸਿੰਘ ਹੰਜਰਾ ਤੇ ਸੁਖਦੇਵ ਸਿੰਘ ਰਾਇਆ ਆਦਿ ਹਾਜ਼ਰ ਸਨ।

ਦਿੜ੍ਹਬਾ ਮੰਡੀ (ਪੱਤਰ ਪ੍ਰੇਰਕ): ਗਰੀਨ ਸਿਟੀ ਕਲੋਨੀ ਦਿੜ੍ਹਬਾ ਵਿੱਚ ਵਾਤਾਵਰਨ ਸਾਫ-ਸੁੱਥਰਾ ਰੱਖਣ ਲਈ 450 ਦੇ ਕਰੀਬ ਵੱਖ-ਵੱਖ ਤਰ੍ਹਾਂ ਦੇ ਪੌਦੇ ਲਗਾਏ ਗਏ। ਇਸ ਮੌਕੇ ਮੁੱਖ ਮਹਿਮਾਨ ਤੌਰ 'ਤੇ ਪੁੱਜੇ ਰਾਜੇਸ਼ ਕੁਮਾਰ ਸ਼ਰਮਾ ਐੱਸਡੀਐੱਮ ਦਿੜ੍ਹਬਾ ਵੱਲੋਂ ਪੌਦੇ ਲਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸੁਖਦੇਵ ਸਿੰਘ ਕੌਹਰੀਆਂ, ਅਜਮੇਰ ਸਿੰਘ ਰੋੜੇਵਾਲ ਅਤੇ ਸ਼ਿਵ ਕੁਮਾਰ ਸ਼ਰਮਾ ਨੇ ਪੌਦੇ ਲਾਉਣ ਦਾ ਸੱਦਾ ਦਿੱਤਾ।

ਪੀ.ਐਸ.ਪੀ.ਸੀ.ਐਲ. ਦਾ ਠੇਕੇਦਾਰ ਪਹਿਲੀ ਕਿਸ਼ਤ ਵਜੋਂ 20,000 ਰੁਪਏ ਦੀ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਨੇ ਦਬੋਚਿਆ

ਚੰਡੀਗੜ੍ਹ, 9 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਮੌੜ, ਜ਼ਿਲ੍ਹਾ ਬਠਿੰਡਾ ਵਿਖੇ ਪੀ.ਐਸ.ਪੀ.ਸੀ.ਐਲ. ਦਫ਼ਤਰ ਦੇ ਇੱਕ ਨਿੱਜੀ ਠੇਕੇਦਾਰ ਅੰਮ੍ਰਿਤ ਪਾਲ ਉਰਫ਼ ਕੱਦੂ ਨੂੰ ਪੀ.ਐਸ.ਪੀ.ਸੀ.ਐਲ. ਗਰਿੱਡ, ਮੌੜ ਤੋਂ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੁੱਤੀਵਾਲ ਖੁਰਦ ਦੀ ਵਸਨੀਕ ਨਿੱਕੀ ਕੌਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਮੁਲਜ਼ਮ ਨੇ ਉਸ ਦੀ ਵਾਹੀਯੋਗ ਜ਼ਮੀਨ ਦਾ ਟਿਊਬਵੈੱਲ ਕੁਨੈਕਸ਼ਨ ਦਿਵਾਉਣ ਬਦਲੇ 80,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ ਅਤੇ ਭਰੋਸਾ ਦਿੱਤਾ ਕਿ ਠੇਕੇਦਾਰ ਹੋਣ ਨਾਤੇ ਪੀ.

ਰਾਜੀਨਾਮੇ ਦੌਰਾਨ ਪਤਨੀ ਨੇ ਪਤੀ ਨੂੰ ਕੀਤਾ ਜਲੀਲ, ਥਾਣੇ 'ਚ ਫਿਰ ਜੋ ਹੋਇਆ ਦੇਖ ਕੰਬ ਗਏ ਸਭ

ਏਜੰਸੀਆਂ

ਤਰਨਤਾਰਨ 9 ਅਗਸਤ। ਥਾਣੇ 'ਚ ਝਗੜੇ ਦੀ ਸੁਣਵਾਈ ਦੌਰਾਨ ਪਤਨੀ ਵੱਲੋਂ ਕੀਤੀ ਗਈ ਪਤੀ ਦੀ ਬੇਇਜ਼ਤੀ ਤੋਂ ਬਾਅਦ ਪਤੀ ਨੇ ਜ਼ਹਿਰੀਲੀ ਦਵਾਈ ਪੀ ਲਈ, ਜਿਸ ਤੋਂ ਬਾਅਦ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ

ਪੁਲਸ ਨੇ ਮ੍ਰਿਤਕ ਵਿਅਕਤੀ ਦੀ ਮਾਂ ਦੇ ਬਿਆਨਾਂ 'ਤੇ ਪਤਨੀ ਅਤੇ ਸਹੁਰੇ ਖ?ਿਲਾਫ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੂੰ ਦਿੱਤੇ ਬਿਆਨਾਂ 'ਚ ਬਲਵਿੰਦਰ ਕੌਰ ਪਤਨੀ ਮੇਘ ਸਿੰਘ ਵਾਸੀ ਮੁਹੱਲਾ ਰੋਡੂਪੁਰਾ ਤਰਨਤਾਰਨ ਨੇ ਦੱਸਿਆ ਕਿ ਕਰੀਬ ਢਾਈ ਸਾਲ ਪਹਿਲਾਂ ਉਸ ਦੇ ਬੇਟੇ ਮਨਜੀਤ ਸਿੰਘ ਦਾ ਵਿਆਹ ਅੰਬਾਲਾ ਨਿਵਾਸੀ ਹਿਨਾ ਵਰਮਾ ਨਾਲ ਹੋਇਆ ਸੀ। ਜਿਸ ਤੋਂ ਕੁਝ ਸਮਾਂ ਬਾਅਦ ਨੂੰ ਹਿਨਾ ਵਰਮਾ ਆਪਣੇ ਪਤੀ ਨਾਲ ਲੜਾਈ ਝਗੜਾ ਕਰਨਾ ਸ਼ੁਰੂ ਕਰ ਦਿੱਤਾ। ਕਰੀਬ ਪੰਜ ਮਹੀਨੇ ਪਹਿਲਾਂ ਮੇਰੀ ਨੂੰਹ ਆਪਣੇ ਪਤੀ ਮਨਜੀਤ ਸਿੰਘ ਨਾਲ ਝਗੜਾ ਕਰਕੇ ਪੇਕੇ ਘਰ ਚਲੀ ਗਈ ਅਤੇ ਕਰੀਬ 15 ਦਿਨ ਪਹਿਲਾਂ ਬਿਨਾਂ ਸਾਨੂੰ ਦੱਸੇ ਪੁੱਛੇ ਰਾਤ 12 ਵਜੇ ਵਾਪਸ ਘਰ ਆ ਗਈ। ਇਸ ਤੋਂ ਕਰੀਬ 10 ਦਿਨ ਬਾਅਦ ਹਿਨਾ ਨੇ ਫਿਰ ਆਪਣੇ ਪਤੀ ਨਾਲ ਝਗੜਾ ਸ਼ੁਰੂ ਕਰ ਦਿੱਤਾ, ਜਿਸ ਨੂੰ ਮੇਰਾ ਕੁੜਮ ਸੁਨੀਲ ਸੁਗੰਧ ਫੋਨ ਰਾਹੀਂ ਹੱਲਾਸ਼ੇਰੀ ਦਿੰਦਾ ਸੀ। ਇਸ ਝਗੜੇ ਸਬੰਧੀ ਹਿਨਾ ਵੱਲੋਂ ਥਾਣਾ ਸਿਟੀ ਤਰਨਤਾਰਨ ਵਿਖੇ ਆਪਣੇ ਪਤੀ ਖ?ਿਲਾਫ ਦਰਖਾਸਤ ਦਿੱਤੀ ਗਈ ਸੀ, ਜਿਸ ਦੀ ਸੁਣਵਾਈ ਲਈ ਮਿਤੀ 1 ਅਗਸਤ ਨੂੰ ਥਾਣਾ ਸਿਟੀ ਵਿਖੇ ਬੁਲਾਇਆ ਗਿਆ ਸੀ। ਇਸ ਦੌਰਾਨ ਮੇਰੇ ਬੇਟੇ ਮਨਜੀਤ ਸਿੰਘ ਤੋਂ ਇਲਾਵਾ ਹੋਰ ਰਿਸ਼ਤੇਦਾਰ ਅਤੇ ਉਸ ਦੀ ਪਤਨੀ ਹਿਨਾ ਵੀ ਥਾਣੇ 'ਚ ਮੌਜੂਦ ਸੀ, ਜਿੱਥੇ ਹਿਨਾ ਨੇ ਆਪਣੇ ਪਤੀ ਮਨਜੀਤ ਸਿੰਘ ਖਿਲਾਫ ਕਾਫੀ ਬੋਲ ਬੁਲਾਰਾ ਕੀਤਾ ਅਤੇ ਉਸਦੀ ਬੇਇਜ਼ਤੀ ਕੀਤੀ। ਇਸ ਬੇਇਜ਼ਤੀ ਨੂੰ ਨਾ ਸਹਾਰਦੇ ਹੋਏ ਮਨਜੀਤ ਸਿੰਘ ਨੇ ਆਪਣੀ ਜੇਬ੍ਹ ਵਿਚੋਂ ਜ਼ਹਿਰੀਲੀ ਦਵਾਈ ਕੱਢ ਕੇ ਪੀ ਲਈ। ਇਸ ਦੌਰਾਨ ਉਸ ਨੂੰ ਤੁਰੰਤ ਗੁਰੂ ਨਾਨਕ ਦੇਵ ਹਸਪਤਾਲ ਤਰਨਤਾਰਨ ਵਿਖੇ ਇਲਾਜ ਲਈ ਭਰਤੀ ਕਰਵਾ ਦਿੱਤਾ ਗਿਆ। ਡਾਕਟਰ ਵੱਲੋਂ ਕੀਤੇ ਜਾ ਰਹੇ ਇਲਾਜ ਤੋਂ ਬਾਅਦ ਐਤਵਾਰ ਸਵੇਰੇ ਮਨਜੀਤ ਸਿੰਘ ਮੌਤ ਹੋ ਗਈ। ਮ੍ਰਿਤਕ ਮਨਜੀਤ ਸਿੰਘ ਦੀ ਮਾਂ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਜ਼ਿਲ੍ਹੇ ਦੇ ਐੱਸ.ਐੱਸ.ਪੀ. ਪਾਸੋਂ ਇਨਸਾਫ ਦੀ ਗੁਹਾਰ ਲਗਾਈ ਜਾ ਰਹੀ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਸ ਹੋਈ ਮੌਤ ਤੋਂ ਬਾਅਦ ਹਿਨਾ ਵਰਮਾ ਪੁਲਸ ਨੂੰ ਸੂਚਨਾ ਦੇ ਫਰਾਰ ਹੋ ਗਈ ਹੈ।

25 ਲੱਖ ਲੈ ਕੇ ਦਿੱਲੀ-ਦੁਬਈ ਘੁੰਮਾਉਂਦਾ ਰਿਹਾ ਏਜੰਟ, ਰਿਸ਼ਤੇਦਾਰ ਨੇ ਵਿਦੇਸ਼ੋਂ ਟਿਕਟ ਭੇਜ ਨੌਜਵਾਨ ਨੂੰ ਪਹੁੰਚਾਇਆ ਘਰ

ਸਰਦੂਲ ਸਿੰਘ

ਜਲੰਧਰ 9 ਅਗਸਤ। ਨਿੱਤ ਠੱਗ ਏਜੰਟਾਂ ਵੱਲੋਂ ਠੱਗੀ ਮਾਰਨ ਦੀਆਂ ਖਬਰਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਪਰ ਫ?ਿਰ ਵੀ ਲੋਕ ਅਜਿਹੇ ਠੱਗਾਂ ਦੇ ਝਾਂਸੇ 'ਚ ਆ ਕੇ ਧੋਖਾਧੜੀ ਦਾ ਸ਼ਿਕਾਰ ਹੋ ਹੀ ਜਾਂਦੇ ਹਨ। ਅਜਿਹਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਟਾਂਡਾ ਦਾ ਇਕ ਫਰਜੀ ਏਜੰਟ ਜਨਤਾ ਕਾਲੋਨੀ ਦੇ ਰਹਿਣ ਵਾਲੇ ਨੌਜਵਾਨ ਨੂੰ ਯੂ.ਐੱਸ.ਏ. ਭੇਜਣ ਦੀ ਥਾਂ 6 ਮਹੀਨੇ ਤੱਕ ਮੁੰਬਈ, ਦਿੱਲੀ ਤੇ ਦੁਬਈ ਘੁਮਾਉਂਦਾ ਰਿਹਾ। ਇੱਥੋਂ ਤੱਕ ਕਿ ਏਜੰਟ ਦੇ ਲੋਕਾਂ ਨੇ ਦੁਬਈ ਜਾ ਕੇ ਨੌਜਵਾਨ ਕੋਲੋਂ 5 ਹਜਾਰ ਅਮਰੀਕੀ ਡਾਲਰ ਵੀ ਖੋਹ ਲਏ। ਨੌਜਵਾਨ ਦੇ ਕੋਲ ਰੋਟੀ ਖਾਣ ਦੇ ਪੈਸੇ ਵੀ ਨਹੀਂ ਸੀ ਬਚੇ, ਜਿਸ ਦੇ ਬਾਅਦ ਤੰਗ ਆ ਕੇ ਉਸ ਦੇ ਰਿਸ਼ਤੇਦਾਰ ਨੇ ਉਸ ਦੀ ਯੂ.ਕੇ. ਤੋਂ ਇੰਡੀਆ ਦੀ ਟਿਕਟ ਬੁੱਕ ਕਰਵਾਈ ਤੇ ਦੁਬਈ ਦੇ ਹੋਟਲ ਦਾ ਬਿੱਲ ਅਦਾ ਕੀਤਾ, ਜਿਸ ਤੋਂ ਬਾਅਦ ਨੌਜਵਾਨ ਵਾਪਸ ਆਪਣੇ ਘਰ ਆ ਸਕਿਆ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਪਰਵਿੰਦਰ ਕੌਰ ਪਤਨੀ ਜਰਨੈਲ ਸਿੰਘ ਵਾਸੀ ਜਨਤਾ ਕਾਲੋਨੀ ਨੇ ਦੱਸਿਆ ਕਿ 2022 'ਚ ਆਪਣੀ ਰਿਸ਼ਤੇਦਾਰ ਦੇ ਕਹਿਣ 'ਤੇ ਉਹ ਟ੍ਰੈਵਲ ਏਜੰਟ ਮਨਪ੍ਰੀਤ ਸਿੰਘ ਵਾਸੀ ਮਿਆਣੀ ਪਿੰਡ ਟਾਂਡਾ ਦੇ ਨਾਲ ਮਿਲੀ ਸੀ। ਮਨਪ੍ਰੀਤ ਨੇ ਉਸ ਨੂੰ ਭਰੋਸਾ ਦਿੱਤਾ ਕਿ ਉਹ ਦੁਬਈ ਦੇ ਰਸਤੇ ਉਨ੍ਹਾਂ ਦੇ ਬੇਟੇ ਨੂੰ ਯੂ.ਐੱਸ.ਏ. ਭੇਜ ਦੇਵੇਗਾ ਜਿਸ ਲਈ 48 ਲੱਖ ਰੁਪਏ ਦਾ ਖਰਚਾ ਆਵੇਗਾ। ਲਗਭਗ 2 ਮਹੀਨੇ 'ਚ ਮਨਪ੍ਰੀਤ ਸਿੰਘ ਨੇ ਪਰਵਿੰਦਰ ਕੌਰ ਕੋਲੋਂ 25 ਲੱਖ ਰੁਪਏ ਲੈ ਲਏ ਤੇ ਵੀਜਾ ਲਈ ਅਪਲਾਈ ਕਰਨ ਦਾ ਕੰਮ ਸ਼ੁਰੂ ਕਰਵਾਉਣ ਦਾ ਕਹਿ ਕੇ ਉਨ੍ਹਾਂ ਦੇ ਕਾਫੀ ਦਿਨ ਕੱਢ ਦਿੱਤੇ। ਕੁਝ ਦਿਨਾਂ ਬਾਅਦ ਮਨਪ੍ਰੀਤ ਸਿੰਘ ਨੇ ਆਪਣੇ ਸਾਥੀਆਂ ਨਾਲ ਨੌਜਵਾਨ ਨੂੰ

ਮੁੰਬਈ ਲੈ ਗਿਆ ਜਿੱਥੇ ਉਸ ਨੂੰ ਇਕ ਮਹੀਨੇ ਤੱਕ ਰੱਖਿਆ। ਦੋਸ਼ ਹੈ ਕਿ ਏਜੰਟ ਦੇ ਲੋਕਾਂ ਨੇ ਉਸ ਕੋਲੋਂ 5 ਹਜਾਰ ਅਮਰੀਕੀ ਡਾਲਰ ਖੋਹ ਲਏ ਤੇ ਖਾਣ ਲਈ ਰੋਟੀ ਵੀ ਨਹੀਂ ਦਿੱਤੀ ਸੀ। ਇਕ ਮਹੀਨੇ ਬਾਅਦ ਉਹ ਨੌਜਵਾਨ ਨੂੰ ਵਾਪਸ ਦਿੱਲੀ ਲੈ ਆਏ ਤੇ ਹੋਟਲਾਂ 'ਚ ਰੁਕਵਾਉਂਦੇ ਰਹੇ। ਪਰਵਿੰਦਰ ਕੌਰ ਜਦ ਵੀ ਏਜੰਟ ਨੂੰ ਫੋਨ ਕਰਦੀ ਤਾਂ ਉਹ ਅੱਜ ਕੱਲ ਦਾ ਕਹਿ ਕੇ ਟਾਲ-ਮਟੋਲ ਕਰਦਾ ਰਹਿੰਦਾ। ਚਾਰ ਮਹੀਨੇ ਦਿੱਲੀ ਰੱਖਣ ਲਈ ਏਜੰਟ ਨੌਜਵਾਨ ਨੂੰ ਦੁਬਈ ਲੈ ਗਿਆ ਅਤੇ ਇਕ ਇਕ ਦਿਨ ਦਾ ਬੋਲ ਇਕ ਮਹੀਨਾ ਬਿਤਾ ਦਿੱਤਾ। ਪਰਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਕੋਲ ਬੇਟੇ ਨੂੰ ਦੇਣ ਲਈ ਪੈਸੇ ਤੱਕ ਖਤਮ ਹੋ ਗਏ ਸਨ। ਉਨ੍ਹਾਂ ਨੇ ਏਜੰਟ ਨਾਲ ਗੱਲ ਕੀਤੀ ਤਾਂ ਉਹ ਲਾਰੇ ਲਾਉਂਦਾ ਰਿਹਾ ਤੇ ਬਾਅਦ 'ਚ ਫੋਨ ਹੀ ਨਹੀਂ ਚੁੱਕਿਆ। ਪਰਵਿੰਦਰ ਕੌਰ ਨੇ ਯੂ.ਕੇ. ਰਹਿੰਦੇ ਆਪਣੇ ਰਿਸ਼ਤੇਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਉੱਥੋਂ ਪੈਸੇ ਭੇਜ ਕੇ ਦੁਬਈ ਦੇ ਹੋਟਲ ਦਾ ਬਿੱਲ ਅਦਾ ਕੀਤਾ ਤੇ ਇੰਡੀਆ ਵਾਪਸੀ ਦੀ ਟਿਕਟ ਕਰਵਾ ਦਿੱਤੀ ਜਿਸ ਦੇ ਬਾਅਦ ਜਾ ਕੇ ਨੌਜਵਾਨ ਵਾਪਸ ਇੰਡੀਆ ਆ ਸਕਿਆ। ਉਨ੍ਹਾਂ ਨੇ ਜਦੋਂ ਏਜੰਟ ਕੋਲੋਂ ਪੈਸੇ ਮੰਗੇ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਦੋਸ਼ ਹੈ ਕਿ ਬਾਅਦ 'ਚ ਏਜੰਟ ਉਨ੍ਹਾਂ ਨੂੰ ਧਮਕੀਆਂ ਦਿੰਦਾ ਰਿਹਾ, ਜਿਸ ਪਿੱਛੋਂ ਪੁਲਸ ਅਧਿਕਾਰੀਆਂ ਨੂੰ ਇਸ ਸਬੰਧੀ ਸ਼ਿਕਾਇਤ ਦਿੱਤੀ ਗਈ। ਪੁਲਸ ਨੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਇਸ ਫਰਾਡ 'ਚ ਦਿੱਲੀ ਦੇ ਗਾਜੀਪੁਰ ਦਾ ਏਜੰਟ ਵਿਕਰਮਜੀਤ ਸਿੰਘ ਵੀ ਸ਼ਾਮਲ ਸੀ। ਥਾਣਾ ਇਕ 'ਚ ਪੁਲਸ ਨੇ ਜਾਂਚ ਦੇ ਬਾਅਦ ਮਨਪ੍ਰੀਤ ਸਿੰਘ ਅਤੇ ਬਿਕ੍ਰਮਜੀਤ ਸਿੰਘ ਦੇ ਵਿਰੁੱਧ ਠੱਗੀ ਦਾ ਕੇਸ ਦਰਜ ਕਰ ਲਿਆ ਹੈ। ਫਿਲਹਾਲ ਕਿਸੇ ਦੀ ਗ੍ਰਿਫਤਾਰੀ ਨਹੀਂ ਹੋ ਸਕੀ ਹੈ।

ਪੁਲਸ ਅਧਿਕਾਰੀ ਬਣ ਕੇ 60 ਹਜਾਰ ਰੁਪਏ ਕਰਵਾਏ ਟ੍ਰਾਂਸਫਰ, ਪਾਕਿਸਤਾਨੀ ਨੰਬਰ ਤੋਂ ਆਈ ਸੀ ਕਾਲ

ਜਲੰਧਰ 9 ਅਗਸਤ। ਸਲੇਮਪੁਰ ਰੋਡ 'ਤੇ ਸਥਿਤ ਅੰਮ੍ਰਿਤ ਵਿਹਾਰ 'ਚ ਇਕ ਵਿਅਕਤੀ ਨੂੰ ਪੁਲਸ ਅਧਿਕਾਰੀ ਦੱਸ ਕੇ ਬੇਟੇ ਨੂੰ ਕ੍ਰਿਮੀਨਲ ਨਾਲ ਫੜੇ ਜਾਣ ਤੇ ਫਿਰ ਉਸ ਨੂੰ ਜੇਲ੍ਹ ਭੇਜਣ ਦਾ ਡਰਾਵਾ ਦੇ ਕੇ ਇਕ ਸ਼ਾਤਰ ਠੱਗ ਨੇ 60 ਹਜਾਰ ਰੁਪਏ ਟ੍ਰਾਂਸਫਰ ਕਰਵਾ ਲਏ। ਬਾਅਦ 'ਚ ਪਤਾ ਲੱਗਾ ਕਿ ਜਿਸ ਮੋਬਾਈਲ ਨੰਬਰ ਤੋਂ ਕਾਲ ਆਈ ਸੀ, ਉਹ ਪਾਕਿਸਤਾਨ ਦਾ ਨੰਬਰ ਸੀ। ਪੈਸੇ ਟ੍ਰਾਂਸਫਰ ਹੋਣ ਤੋਂ ਬਾਅਦ ਪੀੜਤ ਨੇ ਆਪਣੇ ਬੇਟੇ ਨੂੰ ਕਾਲ ਕੀਤਾ ਤਾਂ ਪਤਾ ਲੱਗਾ ਕਿ ਉਹ ਤਾਂ ਯੂਨੀਵਰਸਿਟੀ 'ਚ ਹੀ ਹੈ। ਫਰਾਡ ਹੋਣ ਦੇ ਤਕਰੀਬਨ 1 ਸਾਲ ਬਾਅਦ ਜਾ ਕੇ ਥਾਣਾ-1 'ਚ ਅਣਪਛਾਤੇ ਠੱਗ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਭੁਪਿੰਦਰ ਸਿੰਘ ਪੁੱਤਰ ਗਿਆਨ ਸਿੰਘ ਨੇ ਦੱਸਿਆ ਕਿ ਸਤੰਬਰ 2023 'ਚ ਉਨ੍ਹਾਂ ਨੂੰ ਇਕ ਕਾਲ ਆਈ ਸੀ। ਕਾਲ ਕਰਨ ਵਾਲੇ ਵਿਅਕਤੀ ਨੇ ਉਸ ਦੇ ਬੇਟੇ ਦੇ ਬਾਰੇ ਪੁੱਛਿਆ। ਉਨ੍ਹਾਂ ਤੋਂ ਹੀ ਸਾਰੀ ਜਾਣਕਾਰੀ ਲੈ ਕੇ ਕਾਲ ਕਰਨ ਵਾਲੇ ਨੇ ਖੁਦ ਨੂੰ ਪੁਲਸ ਅਧਿਕਾਰੀ ਦੱਸਿਆ ਤੇ ਕਿਹਾ ਕਿ ਉਨ੍ਹਾਂ ਦਾ ਬੇਟਾ ਇਕ ਕ੍ਰਿਮੀਨਲ ਨਾਲ ਫੜਿਆ ਗਿਆ ਹੈ। ਇਹ ਸੁਣ ਕੇ ਭੁਪਿੰਦਰ ਸਿੰਘ ਘਬਰਾ ਗਏ। ਭੁਪਿੰਦਰ ਸਿੰਘ ਨੇ

ਆਪਣੇ ਬੇਟੇ ਨਾਲ ਗੱਲ ਕਰਨ ਦੀ ਮੰਗ ਤਾਂ ਪਿੱਛੋਂ ਰੋਣ ਦੀਆਂ ਆਵਾਜਾਂ ਆਉਣੀਆਂ ਸ਼ੁਰੂ ਹੋ ਗਈਆਂ। ਉਕਤ ਵਿਅਕਤੀ ਨੇ ਕਿਹਾ ਕਿ ਜੇਕਰ ਉਹ ਉਨ੍ਹਾਂ ਦੇ ਬੇਟੇ ਨੂੰ ਜੇਲ੍ਹ ਭੇਜਦਾ ਹੈ ਤਾਂ ਉਸ ਦਾ ਕਰੀਅਰ ਖਰਾਬ ਹੋ ਜਾਵੇਗਾ, ਜੋ ਉਹ ਨਹੀਂ ਚਾਹੁੰਦਾ। ਇਸੇ ਦੌਰਾਨ ਉਸ ਨੇ ਭੁਪਿੰਦਰ ਸਿੰਘ ਤੋਂ 1.50 ਲੱਖ ਰੁਪਏ ਦੀ ਮੰਗ ਕੀਤੀ। ਭੁਪਿੰਦਰ ਨੇ ਉਸ ਨੂੰ ਕਿਹਾ ਕਿ ਇੰਨੇ ਪੈਸੇ ਉਸ ਕੋਲ ਨਹੀਂ ਹੈ ਤਾਂ ਉਹ 50 ਲੱਖ ਹਜਾਰ 'ਚ ਮੰਨ ਗਿਆ। ਭੁਪਿੰਦਰ ਸਿੰਘ ਨੇ ਕਿਸੇ ਤਰ੍ਹਾਂ ਉਸ ਵਿਅਕਤੀ ਵੱਲੋਂ ਦਿੱਤੇ ਪੇਟੀਐੱਮ ਨੰਬਰ 'ਤੇ 50 ਹਜਾਰ ਰੁਪਏ ਪਾ ਦਿੱਤੇ। ਉਕਤ ਵਿਅਕਤੀ ਨੇ ਦੁਬਾਰਾ ਉਸ ਨੂੰ ਕਾਲ ਕਰ ਕੇ ਸਕ੍ਰੀਨ ਸ਼ਾਟ ਭੇਜਣ ਨੂੰ ਕਿਹਾ। ਉਹ ਵੀ ਭੁਪਿੰਦਰ ਸਿੰਘ ਨੇ ਭੇਜ ਦਿੱਤੇ ਪਰ ਬਾਅਦ 'ਚ ਕਹਿਣ ਲੱਗਾ ਕਿ ਜੇਕਰ ਉਨ੍ਹਾਂ ਨੇ 10 ਹਜਾਰ ਰੁਪਏ ਹੋਰ ਟਰਾਂਸਫਰ ਨਹੀਂ ਕੀਤੇ ਤਾਂ ਉਹ ਉਨ੍ਹਾਂ ਦੇ ਬੇਟੇ ਨੂੰ ਜੇਲ੍ਹ ਭੇਜ ਦੇਵੇਗਾ ਤੇ ਪੂਰੀ ਉਮਰ ਜਮਾਨਤ ਨਹੀਂ ਹੋਣ ਦੇਵੇਗਾ। ਬੇਟੇ ਨੂੰ ਬਚਾਉਣ ਖਾਤਰ ਭੁਪਿੰਦਰ ਸਿੰਘ ਨੇ 10 ਹਜਾਰ ਰੁਪਏ ਹੋਰ ਪਾ ਦਿੱਤੇ।

ਸੁਖਬੀਰ ਬਾਦਲ ਦਾ ਸਪੱਸ਼ਟੀਕਰਨ ਜਨਤਕ ਹੋਣ ਤੋਂ ਬਾਅਦ ਸੁਖਦੇਵ ਢੀਂਡਸਾ ਦਾ ਵੱਡਾ ਬਿਆਨ

ਲੁਧਿਆਣਾ 9 ਅਗਸਤ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਅੱਜ 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੋ ਸੁਖਬੀਰ ਸਿੰਘ ਬਾਦਲ ਨੇ ਬਾਗੀ ਅਕਾਲੀ ਨੇਤਾਵਾਂ ਦੀ ਸ਼ਿਕਾਇਤ 'ਤੇ ਬੰਦ ਲਿਫਾਫਾ ਚਿੱਠੀ ਜਥੇਦਾਰਾਂ ਨੂੰ ਸੌਂਪੀ ਸੀ, ਉਸ ਨੂੰ ਲੈ ਕੇ ਪਿਛਲੇ ਇਕ ਹਫਤੇ ਤੋਂ ਤਰ੍ਹਾਂ-ਤਰ੍ਹਾਂ ਦੀਆਂ ਚਰਚਾਵਾਂ ਅਤੇ ਇਸ ਚਿੱਠੀ ਦੀ ਇਬਾਰਤ ਬੁਝਾਰਤ ਬਣੀ ਹੋਈ ਸੀ। ਹੁਣ ਚਿੱਠੀ ਜਗ ਜ਼ਾਹਰ ਹੋਣ 'ਤੇ ਉਸ ਵਿਚੋਂ ਕੁਝ ਨਵਾਂ ਨਹੀਂ ਨਿਕਲਿਆ ਅਤੇ ਇਹ ਚਿੱਠੀ ਅਜੇ ਵੀ ਮੁਆਫੀ ਮੰਗਣ ਦੇ ਮਾਮਲੇ ਵਿਚ ਗੋਲਮੋਲ ਹੈ। ਢੀਂਡਸਾ ਨੇ ਅੱਗੇ ਕਿਹਾ ਕਿ ਹੁਣ ਸਮੁੱਚੇ ਸਿੱਖ ਕੌਮ ਦੀਆਂ ਨਜ਼ਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਅਕਾਲੀ ਦਲ ਦੀ ਸਰਕਾਰ ਮੌਕੇ ਬਰਗਾੜੀ ਕਾਂਡ, ਬਹਿਬਲ ਕਾਂਡ, ਡੀ.ਜੀ.ਪੀ. ਸੈਣੀ, ਆਲਮ ਵਿਧਾਇਕ ਮਾਮਲਾ, ਡੇਰਾ ਸਾਧ ਨੂੰ ਮੁਆਫੀ ਸਮੇਤ ਹੋਰ ਵਾਪਰੀਆਂ ਘਟਨਾਵਾਂ ਵਿਚ ਕਿਸ ਤਰ੍ਹਾਂ ਦਾ ਫੈਸਲਾ ਸੁਣਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਦੇ ਅਕਾਲੀ ਦਲ ਦੇ ਹਾਲਾਤ ਸੁਖਬੀਰ ਸਿੰਘ ਬਾਦਲ ਨੇ ਕਰ ਦਿੱਤੇ ਹਨ, ਹੁਣ ਅਕਾਲੀ ਦਲ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਅਤੇ ਭਰੋਸਾ ਬਣਾਉਣ ਵਿਚ ਲੰਬਾ ਸਮਾਂ ਲੱਗੇਗਾ।

ਨਗਰ ਨਿਗਮ ਦੇ ਇਨ੍ਹਾਂ ਮੁਲਾਜਮਾਂ ਨੂੰ ਹੁਣ ਆਨਲਾਈਨ ਪ੍ਰਣਾਲੀ ਤਹਿਤ ਮਿਲੇਗੀ ਮਹੀਨਾਵਾਰ ਤਨਖਾਹ

ਕਿਸ਼ਨ ਪਾਲ

ਸਿਮਲਾ 9 ਅਗਸਤ। ਨਗਰ ਨਿਗਮ ਦੇ ਮੁਲਾਜਮਾਂ ਨੂੰ ਹੁਣ ਮਹੀਨਾਵਾਰ ਤਨਖਾਹਾਂ ਦਾ ਭੁਗਤਾਨ ਆਨਲਾਈਨ ਪ੍ਰਣਾਲੀ ਦੇ ਤਹਿਤ ਪ੍ਰਸ਼ਾਸਨ ਕਰਨ ਜਾ ਰਿਹਾ ਹੈ। ਇਸ ਲਈ ਪ੍ਰਸਾਸਨ ਨੇ ਪੂਰਾ ਸਾਫਟਵੇਅਰ ਤਿਆਰ ਕਰ ਲਿਆ ਹੈ, ਜਿਸ ਦੀ ਟ੍ਰਾਇਲ ਪ੍ਰਸਾਸਨ ਵੱਲੋਂ ਕੀਤੀ ਜਾ ਰਹੀ ਹੈ। ਨਗਰ ਨਿਗਮ ਮੁਲਾਜਮਾਂ ਦੀ ਹਾਜਰੀ ਵੀ ਆਨਲਾਈਨ ਕਰਨ ਜਾ ਰਿਹਾ ਹੈ। ਇਸ ਲਈ ਨਿਗਮ ਨੇ ਵਾਰਡ ਦਫਤਰਾਂ ਵਿੱਚ ਬਾਇਓਮੀਟ੍ਰਿਕ ਮਸੀਨਾਂ ਲਗਾ ਦਿੱਤੀਆਂ ਹਨ। ਇਸ ਤੋਂ ਇਲਾਵਾ ਨਿਗਮ ਨੇ ਹਰ ਕਰਮਚਾਰੀ ਦਾ ਵਾਰਡਵਾਈਜ ਟੈਕਸ ਰਿਕਾਰਡ ਤਿਆਰ ਕੀਤਾ ਹੈ। ਇਸ ਤਹਿਤ ਹੁਣ ਤਨਖਾਹ ਆਨਲਾਈਨ ਸਿਸਟਮ ਰਾਹੀਂ ਹੀ ਦਿੱਤੀ ਜਾਵੇਗੀ। ਇਸ ਵਿੱਚ ਹਾਜਰੀ ਵੀ ਆਨਲਾਈਨ ਹੋਵੇਗੀ, ਜਿਸ ਦੇ ਨਾਲ ਕਰਮਚਾਰੀ ਕਿੰਨੇ ਘੰਟੇ ਡਿਊਟੀ 'ਤੇ ਰਿਹਾ ਹੈ ਅਤੇ ਮਹੀਨੇ ਵਿੱਚ ਕਿੰਨੀ ਵਾਰ ਛੁੱਟੀ ਲਈ ਹੈ। ਅਜਿਹਾ ਸਾਰਾ ਡਾਟਾ ਆਨਲਾਈਨ ਤਿਆਰ ਕੀਤੇ ਜਾ ਰਹੇ ਸਾਫਟਵੇਅਰ ਵਿੱਚ ਅਪਲੋਡ ਕੀਤਾ ਜਾਵੇਗਾ। ਨਗਰ ਨਿਗਮ ਸਤੰਬਰ ਮਹੀਨੇ ਤੋਂ ਸਹਿਰ ਵਿੱਚ ਇਸ ਪ੍ਰਣਾਲੀ ਨੂੰ ਸੁਰੂ ਕਰ ਦੇਵੇਗਾ। ਇਸ ਦੌਰਾਨ ਖਾਸ ਗੱਲ ਇਹ ਹੈ ਕਿ ਕਰਮਚਾਰੀਆਂ ਦੀ ਤਨਖਾਹ, ਈਪੀਐੱਫ ਅਤੇ ਸਾਲਾਨਾ ਤਨਖਾਹ ਵਿੱਚ ਵਾਧਾ ਵੀ ਇਸ ਪ੍ਰਣਾਲੀ ਦੇ ਤਹਿਤ ਆਪਣੇ ਆਪ ਹੋ ਜਾਵੇਗਾ। ਨਗਰ ਨਿਗਮ ਵਾਰਡ ਦਫਤਰਾਂ ਵਿੱਚ ਬਾਇਓਮੀਟ੍ਰਿਕ ਮਸੀਨਾਂ ਲਗਾਉਣ ਜਾ ਰਿਹਾ ਹੈ। ਮਸੀਨਾਂ ਦੀ ਸਥਾਪਨਾ ਅਤੇ ਟ੍ਰਾਇਲ ਇਸ ਮਹੀਨੇ ਸੁਰੂ ਕਰ

ਦਿੱਤਾ ਗਿਆ ਹੈ। ਇਸ ਤੋਂ ਬਾਅਦ